ੴ

ਮਾਸਕ ਪੱਤਰ


# ਸੂਰਾ

ਅੰਮ੍ਰਿਤਸਰ

## ਸ੍ਰੀ ਹਰਿਮੰਦਰ ਸਾਹਿਬ, ਤਰਨ ਤਾਰਨ

JUNE 1982

ਜੂਨ ੧੯੮੨



ਇਥੇ ਵੀ ਅੰਮ੍ਰਿਤ ਵੇਲੇ ਤੋਂ ਰਾਤ ਤਕ ਕੀਰਤਨ-ਪ੍ਰਵਾਹ ਜਾਰੀ ਰਹਿੰਦਾ ਹੈ।
ਇਥੇ ਸਭ ਤੋਂ ਵਡਾ ਸਰੋਵਰ ਹੈ, ਜਿਸ ਦੀ ਪ੍ਰਕਰਮਾ ਇਕ ਮੀਲ ਦੇ ਕਰੀਬ ਹੈ।

www.AKJ.Org

# ਤਤਕਰਾ


| | | |
|---|---|---|
| ਸੇਵਕ ਕੀ ਓੜਕਿ ਨਿਬਹੀ ਪ੍ਰੀਤਿ | ਮਾਰੂ ਮਹਲਾ ੫ | ੩ |
| ਸ੍ਰੀ ਗੁਰੂ ਅਰਜਨ ਦੇਵ ਜੀ ਦੇ ਉਪਕਾਰ-ਕੁਰਬਾਨੀਆਂ | ਭਾ: ਸਾ: ਭਾਈ ਰਣਧੀਰ ਸਿੰਘ ਜੀ | ੪ |
| ਹੁਕਮ ਰਜ਼ਾ ਦੇ ਬਿਖਮ ਕਟਾਕਸ਼ੀ ਸਾਕੇ (ਮਹਾਂ ਕਾਵਿ ਵਿਚੋਂ) | ,, ,, ,, | ੭ |
| ਵਿਸ਼ਵ ਕਰਾਂਤੀ ਕਿ ਕਰਾਮਾਤ | ਡਾਕਟਰ ਗੁਰਬਖ਼ਸ਼ ਸਿੰਘ ਜੀ | ੯ |
| ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ (ਖੋਜ ਭਰਪੂਰ ਲੇਖ) | ਸ: ਹਰਜੋਤ ਸਿੰਘ ਜੀ | ੧੪ |
| ਸਮੇਂ ਦੀ ਅਵਾਜ਼ (ਕਵਿਤਾ) | ਸ: ਓਅੰਕਾਰ ਬਖ਼ਸ਼ ਸਿੰਘ ਜੀ | ੧੮ |
| ਬਦਲਤਾ ਹੈ ਰੰਗ ਆਸਮਾਂ ਕੈਸੇ ਕੈਸੇ ! | ਭਾ: ਸਾ: ਭਾਈ ਰਾਮ ਸਿੰਘ ਜੀ | ੧੯ |
| ਸਿਖ ਧਰਮ ਤੇ ਸੰਤਾਨ ਸੰਜਮ | ਪ੍ਰੋਫ਼ੈਸਰ ਉਦੇ ਸਿੰਘ ਜੀ ਕੈਨੇਡਾ | ੨੧ |
| ਕੰਚਨ ਕਾਇਆ ਨਿਰਮਲ ਹੰਸੁ | ਗਿ: ਜਗਤਾਰ ਸਿੰਘ ਜੀ ਜਾਚਕ | ੨੩ |
| ਖਾਲਸਾ ਸੋਇ ਕਰੈ ਨਿਤ ਜੰਗ | ਸ: ਮਦਨ ਸਿੰਘ ਜੀ ਯੂ. ਕੇ. | ੨੫ |
| ਰਾਧਾ ਸੁਆਮੀ-ਹਮਲੇ | ਸੂਰਾ ਪਰਵਾਰ | ੨੯ |
| ਕੀ ਰੱਬ ਪਰਤੱਖ ਨਹੀਂ ? | ਪ੍ਰੋ: ਬਲਵਿੰਦਰਪਾਲ ਸਿੰਘ ਜੀ | ੩੦ |
| ਪਾਪੀ ਪਚਿਆ ਆਪ ਕਮਾਇਣ | ਬੀਬੀ ਦਲਜੀਤ ਕੌਰ ਜੀ | ੩੩ |
| ਦਰਦ ਭਰੀ ਝਾਤ (ਕਵਿਤਾ) | ਗਿ: ਤ੍ਰਿਲੋਚਨ ਸਿੰਘ ਜੀ ਚਮਨ | ੩੫ |
| ਪਗਡੰਡੀਆਂ ਤੇ ਨਾ ਭਟਕੋ | ਗਿ: ਗੋਪਾਲ ਸਿੰਘ ਜੀ ਮਿਤਰ | ੩੬ |
| ਅਨੰਦਪੁਰ ਦਾ ਬਿਰਹਾ (ਕਵਿਤਾ) | ,, ,, ,, | ੩੭ |
| ਪੂਰਬ ਜਨਮ ਕੇ ਮਿਲੇ ਸੰਜੋਗੀ (੫) | ਪ੍ਰੋਫ਼ੈਸਰ ਠਾਕਰ ਸਿੰਘ ਜੀ | ੩੮ |


ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਅਵਤਾਰ ਧਾਰਿਆ ੭ ਜੂਨ

## 'ਸੂਰਾ' ਮਾਸਕ ਪੱਤਰ ਨੂੰ ਪੁੱਜੀ ਸਹਾਇਤਾ

| | | |
|---|---|---|
| ਸ: ਜਸਵੰਤ ਸਿੰਘ ਯੂ. ਕੇ. | 'ਸੂਰਾ' ਦੀ ਚੜ੍ਹਦੀ ਕਲਾ ਲਈ | 27-00 |
| ਭਾ: ਗੁਰਮੁਖ ਸਿੰਘ ਅੰਮ੍ਰਿਤਸਰ | ਭਾ: ਹਰੀ ਸਿੰਘ ਸ਼ਹੀਦ ਦੀ ਬਰਸੀ ਸਮੇਂ | 11-00 |
| ਸੂਬੇਦਾਰ ਚੰਨਣ ਸਿੰਘ ਸਪਰਾਂ | 'ਸੂਰਾ' ਦੀ ਚੜ੍ਹਦੀ ਕਲਾ ਲਈ | 10-00 |
| ਸ: ਹਾਕਮ ਸਿੰਘ ਅਬੂ ਧਾਬੀ | ,, ,, ,, | 19-00 |
| ਸ: ਹਰਗੋਪਾਲ ਸਿੰਘ ਸੋਢੀ ਫਤਹਗੜ੍ਹ | ਭੁਜੰਗੀ ਅਮਰਦੀਪ ਸਿੰਘ ਦੇ ਜਨਮ ਦਿਨ ਦੀ ਖੁਸ਼ੀ ਵਿਚ | 11-00 |
| ਸ: ਦਵਿੰਦਰ ਸਿੰਘ ਫਿਰੋਜ਼ਪੁਰ | ਚੜ੍ਹਾਵਾ ਕੀਰਤਨ ਸਮਾਗਮ | 47-00 |
| ਫੇਮਸ ਸਾਈਕਲ ਇੰਡਸਟਰੀ | ਪਿਤਾ ਸ: ਬਲਵੰਤ ਸਿੰਘ ਦੀ ਬਰਸੀ ਸਮੇਂ | 10-00 |
| ਸ: ਕਰਮ ਸਿੰਘ ਤਲਵਾੜ ਜਲੰਧਰ | ਪਿਤਾ ਜੀ ਦੀ ਅੰਤਮ ਯਾਦ ਵਿਚ | 51-00 |
| ਅਖੰਡ ਕੀਰਤਨੀ ਜਥਾ A.F. ਤੇਜਪੁਰ | 'ਸੂਰਾ' ਦੀ ਚੜ੍ਹਦੀ ਕਲਾ ਲਈ | 21-00 |
| ਸ: ਮਨਜੀਤ ਸਿੰਘ ਖਾਲਸਾ ਬੰਬਈ | ,, ,, ,, | 21-00 |
| ਸ: ਅਮਰੀਕ ਸਿੰਘ ਚਢਾ ਬਹਿਰੀਨ | ਅਪਣੀ ਚੜ੍ਹਦੀ ਕਲਾ ਦੀ ਯਾਚਨਾ ਲਈ | 10-00 |
| ਗੁਪਤ ਦਾਨ | 'ਸੂਰਾ' ਦੀ ਚੜ੍ਹਦੀ ਕਲਾ ਲਈ | 31-00 |
| ਸ: ਅਜੀਤ ਸਿੰਘ ਡਰਬੀ ਯੂ. ਕੇ. | ,, ,, ,, | 62-00 |
| ਭਾ: ਸੰਤੋਖ ਸਿੰਘ ਕਲਕੱਤਾ | ਸਪੁਤਰ ਪਰਮਜੀਤ ਸਿੰਘ ਦੇ ਅਨੰਦ ਦੀ ਖੁਸ਼ੀ ਵਿਚ | 101-00 |


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧. ੬. ੮੨ ਨੂੰ ਪ੍ਰਕਾਸ਼ਤ ਕੀਤਾ।

ਟੈਲੀਫੋਨ ਨੰਬਰ : 51847 ਘਰ : 43094


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥


ੴ ਵਾਹਿਗੁਰੂ ਜੀ ਕੀ ਫ਼ਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

**ਸਾਲਾਨਾ ਚੰਦਾ**

ਦੇਸ ੧੫-੦੦
ਇਕ ਪਰਚਾ ੧-੨੫

ਪਰਦੇਸ

ਸਮੁੰਦਰੀ ਡਾਕ ੩੦-੦੦

ਹਵਾਈ ਡਾਕ

ਅਰਬ, ਮਲਾਇਆ ੪੫-੦੦
ਯੂ. ਕੇ., ਅਫ਼ਰੀਕਾ ੬੦-੦੦
ਕੈਨੇਡਾ, ਅਮਰੀਕਾ ੭੦-੦੦



**ਸੰਪਾਦਕੀ ਬੋਰਡ**

ਡਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰਿੰ: ਗੁਰਮੁਖ ਸਿੰਘ
ਗਿ:ਗੁਰਬਚਨ ਸਿੰਘ
ਭਾਈ ਸੇਵਾ ਸਿੰਘ



**ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ**

ਜਿਲਦ ੧੬ ਜੂਨ੧੯੮੨ ਅੰਕ ੬


## ਸੇਵਕ ਕੀ ਓੜਕਿ ਨਿਬਹੀ ਪ੍ਰੀਤਿ

ਮਾਨ ਮੋਹ ਅਰੁ ਲੋਭ ਵਿਕਾਰਾ ਬੀਓ ਚੀਤਿ ਨ ਘਾਲਿਓ ॥
ਨਾਮ ਰਤਨੁ ਗੁਣਾ ਹਰਿ ਬਣਜੇ ਲਾਦਿ ਵਖਰੁ ਲੈ ਚਾਲਿਓ ॥੧॥
ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥
ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ ॥੧॥ਰਹਾਉ॥
ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀ ਮੋਰਿਓ ॥
ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ ਉਠਿ ਉਆਹੂ ਕਉ ਦਉਰਿਓ ॥੨॥
ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ ॥
ਜੋ ਜੋ ਹੁਕਮੁ ਭਇਓ ਸਾਹਿਬੁ ਕਾ ਸੋ ਮਾਥੈ ਲੇ ਮਾਨਿਓ ॥੩॥
ਭਇਓ ਕ੍ਰਿਪਾਲੁ ਠਾਕੁਰੁ ਸੇਵਕ ਕਉ ਸਵਰੇ ਹਲਤ ਪਲਾਤਾ ॥
ਧੰਨੁ ਸੇਵਕੁ ਸਫਲੁ ਓਹੁ ਆਇਆ ਜਿਨਿ ਨਾਨਕ ਖਸਮੁ ਪਛਾਤਾ ॥੪॥੫॥

[ਮਾਰੂ ਮਹਲਾ ੫, ਪੰਨਾ ੧੦੦੦




www.AKJ.Org

# ਸ੍ਰੀ ਗੁਰੂ ਅਰਜਨ ਦੇਵ ਜੀ ਦੇ ਉਪਕਾਰ-ਕੁਰਬਾਨੀਆਂ

[ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਉਪਕਾਰ-ਕੁਰਬਾਨੀਆਂ ਦਾ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਦਰਸ਼ਨਾਂ ਵਿਚ ਦਸੇ ਗੁਰੂ ਸਾਹਿਬਾਨ ਦੇ ਪਰਤੱਖ ਦਰਸ਼ਨ ਹਨ। ਵਿਸ਼ੇਸ਼ ਕਰਿ ਸ੍ਰੀ ਗੁਰੂ ਪੰਚਮੇਸ਼ ਸ੍ਰੀ ਗੁਰੂ ਅਰਜਨ ਦੇਵ ਜੀ ਸਾਹਿਬ ਦੇ ਨਿਤਪ੍ਰਤੀ ਸਾਂਗੋ ਪਾਂਗ ਦਿਦਾਰੇ ਹੁੰਦੇ ਹਨ। ਪਰ ਸ਼ਰਧਾ ਦੀਆਂ ਜੋਤਾਂ ਵਾਲੇ ਦਿਬਦ੍ਰਿਸ਼ਟ-ਦੀਦਿਆਂ ਨੂੰ, ਅਖੰਡਾਕਾਰ ਲਿਵਤਾਰ ਵਾਲੇ ਜੋਤਿ-ਲਤੀਫ਼ੀ ਲੋਇਣਾਂ ਨੂੰ, ਸਤਿਗੁਰੂ ਜੀ ਦੇ ਲਿਵ-ਮਸਤ-ਅਨਿੰਨ ਭਗਤਾਂ ਅਤੇ ਆਤਮ-ਕਮਾਈ ਵਾਲੇ ਪ੍ਰਗ ਖਲੋਤੇ ਗੁਰਮੁਖ ਜਨਾਂ ਨੂੰ ਤਾਂ ਹਰ ਛਿਨ ਆਠ ਜਾਮ ਚੌਸਠ ਘੜੀ ਸਨਮੁਖ ਦਿਬ ਦਰਸਾਰਿਆਂ ਨੂੰ ਨਿਰਖਤ ਹੀ ਬਿਹਾਉਂਦੀ ਹੈ। ਗੁਰਮਤਿ ਨਾਮ ਕਮਾਈ ਵਾਲੇ ਜਗਿਆਸੂ ਸ਼ਰਧਾਵੰਤ ਰਸਕ-ਬੈਰਾਗੀਅੜੇ ਗੁਰਸਿੱਖਾਂ ਦੀ ਆਤਮ-ਬਿਰਤੀ ਨੂੰ ਭੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ-ਦਿਦਾਰ ਕਰਦਿਆਂ ਹੋਇਆਂ ਇਹ ਹਲੂਣਾ ਵੱਜ ਜਾਂਦਾ ਹੈ ਕਿ ਕਲਜੁਗ ਦੇ ਸੱਚੇ ਬੋਹਿਥ ਅਤੇ ਅੰਮ੍ਰਿਤ, ਨਾਮ-ਅੰਮ੍ਰਿਤ-ਬਾਣੀ ਦੇ ਭਵਤਾਰਕ ਜਹਾਜ਼ ਗੁਰੂ ਗਰੀਬ-ਨਿਵਾਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਮੋਲਕ ਦਰਸ਼ਨਾਂ ਦੀ ਦਾਤਿ, ਜੋ ਅਜ ਸਾਨੂੰ ਪ੍ਰਾਪਤ ਹੈ, ਸੋ ਕੇਵਲ ਗੁਰੂ ਅਰਜਨ ਸਾਹਿਬ ਜੀ ਦੀਆਂ ਅਪਰ ਅਪਾਰ ਉਪਕਾਰ-ਕੁਰਬਾਨੀਆਂ ਦਾ ਸਦਕਾ ਹੈ।

ਇਸ ਅਮੋਲਕ ਦਾਤਿ ਬਿਹੂਣ, ਇਸ ਅਮੁੱਲ ਬਖ਼ਸ਼ੀਸ਼ ਬਿਹੂਣ, ਇਸ ਅਮੁੱਲ ਨੀਸਾਣ ਬਿਹੂਣ ਇਨਸਾਨੀ ਜਾਮੇ ਦੇ ਸਾਰੇ ਸੰਸਾਰੀ ਜੀਵ ਲੁਛਿ ਲੁਛਿ ਕੇ ਤੇ ਤ੍ਰੱਕ ਤ੍ਰੱਕ ਕੇ ਮਰ ਜਾਂਦੇ ਅਤੇ ਮਰ ਕੇ ਰਸਾਤਲ ਨੂੰ ਚਲੇ ਜਾਂਦੇ। ਜੀਵਾਂ ਦੇ ਗਤਿ ਮੁਕਤਿ ਕਲਿਆਣ ਉਧਾਰ ਦਾ ਦਰਵਾਜ਼ਾ ਹਮੇਸ਼ਾ ਲਈ ਬੰਦ ਹੋ ਜਾਂਦਾ। ਗੁਰਸਿਖੀ ਦਾ ਜੀਵਨ ਹੀ ਸਫ਼ਾ-ਏ-ਹਸਤੀ ਤੋਂ ਮਿਟ ਜਾਂਦਾ। ਅਰਸ਼ਾਂ ਤੋਂ ਆਈ ਅੰਮ੍ਰਿਤ ਬਾਣੀ ਦਾ ਸਰਸ਼ਾਰ ਸੋਮਾ ਹਮੇਸ਼ਾ ਲਈ ਲੁਪਤ ਗੁਪਤ ਹੋ ਜਾਂਦਾ।

ਉਰਵਾਰ ਪਾਰ ਦੇ ਦਾਨੀ ਅਤੇ ਆਗਮ ਨਿਗਮ ਦੇ ਜਾਨਣਹਾਰੇ ਗੁਰੂ ਅਰਜਨ ਸਾਹਿਬ ਜੀ ਮਹਾਰਾਜ ਨੇ ਕਲੀਕਾਲ ਦੇ ਭਵਿੱਖਤ ਨੂੰ ਭਲੀ ਭਾਂਤ ਬੁਝ ਕੇ ਸੰਸਾਰੀ ਜੀਵਾਂ ਨੂੰ ਭਵ-ਸਾਗਰ ਤੋਂ ਤਾਰਨ ਹਿਤ ਸਭ ਤੋਂ ਭਾਰਾ ਉਪਕਾਰ ਇਹ ਕੀਤਾ ਕਿ ਗੁਰਬਾਣੀ ਦੀਆਂ ਸਮੱਗਰ ਸੰਚੀਆਂ ਨੂੰ ਇਕੱਤ੍ਰ ਕਰ ਕੇ ਸਮੂਹ ਗੁਰਬਾਣੀ ਦੀ ਬੀੜ ਬੱਧੀ। ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਸਰੂਪ ਬਣਾਇ ਕੈ, ਗੁਰੂ ਪੂਜਾ ਗੁਰਬਾਣੀ ਦਾ ਧੁਰਵਾ ਬੰਨ੍ਹਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣੇ ਹੱਥੀਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਅਸਥਾਪਨ ਕੀਤਾ। ਅਸਥਾਪਨ ਹੋਣ ਵਾਲੇ ਅਵਸਰ ਤੋਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਪ੍ਰਤਿਸ਼ਟਾ ਗੁਰੂ ਦੇ ਸੱਚੇ ਸਰੂਪ ਵਿਚ ਹੋਣੀ ਅਰੰਭ ਹੋ ਗਈ। ਨਾਦੀ ਬਿੰਦੀ ਸੋਢਬੰਸ ਖਾਲਸਾ ਗੁਰੂ ਆਪਣੇ ਅਸਲ ਸਰੂਪ ਵਿਚ ਓਸੇ ਦਿਨ ਤੋਂ ਗੁਰਧਾਮੀ ਮਰਕਜ਼ ਵਿਖੇ ਅਸਥਿਤ ਹੋ ਗਿਆ। ਗੁਰੂ ਦੀ ਗੁਰੱਤਤਾ, ਸੱਚੀ ਗੁਰੱਤਤਾ ਸੰਦੀ ਨਿਹਚਲ ਨੀਂਵ ਗੁਰੂ ਅਰਜਨ ਸਾਹਿਬ ਜੀ ਨੇ ਜੁਗਾਂ ਪ੍ਰਯੰਤ ਮੁਹਕਮ ਰਹਿਣ ਲਈ ਉਸਾਰ ਦਿੱਤੀ। ਅਤੇ ਡੰਕੇ ਦੀ ਚੋਟ ਨਾਲ ਇਸ ਗੱਲ ਨੂੰ ਦ੍ਰਿੜ੍ਹਾਏ ਪ੍ਰਗਟਾਏ ਦਿਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਵਿਚ ਅੱਜ ਤੋਂ ਸੱਚਾ ਗੁਰੂ ਜੁਗੋ ਜੁਗ ਅਤੇ ਜੁਗਾਂ ਪ੍ਰਯੰਤ ਅਵਤਾਰ ਧਾਰੀ ਰਖੇਗਾ।

ਭਾਈ ਗੁਰਦਾਸ ਜੀ ਦੇ ਮਹਾਂ ਵਾਕ "ਜੁਗਿ ਜੁਗਿ ਸਤਿਗੁਰ ਧਰੇ ਅਵਤਾਰੀ"* ਦੇ ਅਸਲ ਅਰਥ ਇਹੋ ਹਨ ਕਿ ਗੁਰੂ ਅਰਜਨ ਦੇਵ ਮਹਾਰਾਜ ਦੁਆਰਾ ਸ੍ਰੀ ਹਰਿਮੰਦਰ ਸਾਹਿਬ ਵਿਖੇ ਧਰੀ ਹੋਈ, ਸੱਚੇ ਗੁਰੂ ਅਵਤਾਰ ਦੀ ਧਰੀ ਹੋਈ ਨੀਂਹ ਅਜ਼ਲ ਤੋਂ ਅਬਦ ਤਾਈਂ ਧਰੀ ਹੀ ਰਹੇਗੀ। ਨਿਹਚਲ ਨੀਂਹ ਜੁ ਹੋਈ। ਇਸ

*ਭਾਈ ਗੁਰਦਾਸ ਜੀ, ਵਾਰ ੧, ਪਉੜੀ ੪੮



www.AKJ.Org

ਸੋਢਬੰਸ ਖਾਲਸੇ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੱਚੇ ਸਰੂਪ ਵਿਚ ਚਲੀ ਹੋਈ ਸੋਢਬੰਸ ਦੀ ਪੀੜ੍ਹੀ ਸਦਾ ਲਈ ਚਲੀ ਹੀ ਰਹੇਗੀ। ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੱਚੇ ਖਾਲਸਾ (ਸੋਢਬੰਸ) ਗੁਰੂ ਸਰੂਪ ਵਿਚ ਹੀ ਓਤਿ ਪੋਤਿ ਬਿੰਦੀ ਨਾਦੀ ਬੰਸ ਅਵਤਾਰੀ ਗੁਰੂ ਪਾਤਸ਼ਾਹੀਆਂ ਦੇ ਦਿਬ ਜੋਤਿ ਜਾਮੇ, ਜਗਿਆਸੂ-ਸਿੱਖ-ਭਗਤ ਦੀ ਸ਼ਰਧਾ-ਭਾਵਨੀ ਅਨੁਸਾਰ ਹਰ ਜ਼ਮਾਨੇ ਵਿਚ ਹਰ ਸਮੇਂ ਹਰ ਛਿੰਨ ਜਦੋਂ ਚਾਹੋ, ਬਾਰੰਬਾਰ ਆਪਣਾ ਜੋਤਿ ਸਰੂਪ ਰੂਪ ਦਰਸਾਉਂਦੇ ਰਹਿਣਗੇ।

ਭਾਈ ਗੁਰਦਾਸ ਜੀ ਦੇ 'ਚਲੀ ਪੀੜੀ ਸੋਢੀਆਂ ਰੂਪੁ ਦਿਖਾਵਣਿ ਵਾਰੋ ਵਾਰੀ'' ਵਾਲਾ ਵਾਕ ਦੇ ਵਾਸਤਵੀ ਭਾਵ ਅਰਥ ਇਹੋ ਹਨ ਜੋ ਉਪਰ ਦਰਸਾਏ ਗਏ ਹਨ। ਗੁਰੂ ਅਰਜਨ ਸਾਹਿਬ ਜੀ ਨੇ ਮਹਾਂ ਉਪਕਾਰ ਕਰ ਕੇ ਬਨਾਵਟੀ ਦੇਹਧਾਰੀ ਗੁਰੂਆਂ ਦਾ ਟੰਟਾ ਹੀ ਮੁਕਾ ਦਿਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰੱਤਤਾ ਦਾ ਜਨਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਰਿਮੰਦਰ ਸਾਹਿਬ ਵਿਖੇ ਅਸਥਾਪਨ ਹੋਣ ਦੇ ਦਿਨ ਤੋਂ ਹੀ ਹੋ ਚੁਕਾ ਸੀ। ਕੇਵਲ ਗੁਰੱਤਤਾਵੀ ਪ੍ਰਗਟ ਪਦਵੀ, ਜੁਗੋ ਜੁਗ ਅਟੱਲ ਪਦਵੀ ਦੀ ਰਸਮ ਹੀ ਬਾਕੀ ਸੀ, ਜੋ ਅਟੱਲ ਭਾਣੇ ਅੰਦਰ ਸ੍ਰੀ ਦਸਮੇਸ਼ ਗੁਰੂ ਪਾਤਸ਼ਾਹ ਨੇ ਆਪਣੇ ਗੁਰੂ ਜਾਮੇ ਦੀ ਅਵਧੀ ਪਸਚਾਤ ਹੀ ਅਦਾ ਕਰਨੀ ਸੀ। ਜੈਸੇ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦੇਹ ਜਾਮੇ ਅੰਦਰ ਗੁਰੱਤਤਾ ਦੀ ਅੰਸ ਅਮਰ ਦਾ ਅਵਤਾਰ (ਜਨਮ) ਤਾਂ ਚਿਰੋਕਣਾ ਪਹਿਲਾਂ ਹੀ ਹੋ ਚੁਕਾ ਸੀ। ਪ੍ਰੰਤੂ ਭਾਣੇ ਅੰਦਰ ਦੋ ਗੁਰੂ ਪਾਤਸ਼ਾਹ ਜਾਮੇ ਭੁਗਤਣ ਪਸਚਾਤ ਹੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਗੁਰੂ ਪਦਵੀ ਮਿਲਣੀ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਜਾਮੇ ਨੂੰ ਅਵਤਾਰ ਦਿਤਾ ਤਾਂ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਦਿਤਾ। ਅਤੇ ਇਹ ਐਸਾ ਸਫਲ-ਜਨੰਮਾ ਜਨਮ ਹੈ ਜੋ ਨਿਰੋਲ ਨਾਦ-ਅੰਸੀ-ਅਵਤਾਰ ਹੋਣ ਕਰਿ ਸਦਾ ਅਬਿਨਾਸ਼ੀ ਹੈ।

ਅੱਜ ਅਸੀਂ ਸੱਚੀ ਫਖ਼ਰ ਭਰੀ ਗੌਰਵਤਾ ਸਹਿਤ ਕਹਿਣ ਦਾ ਅਧਿਕਾਰ ਰਖਦੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਾਜ਼ਰ ਹਜ਼ੂਰ, ਜ਼ਾਹਰ ਜ਼ਹੂਰ ਅਤੇ ਪ੍ਰਗਟ ਸਰੂਪ ਵਿਚ ਦਸੋਂ ਗੁਰੂ ਪਾਤਸ਼ਾਹੀਆਂ ਦਾ ਪਰਤੱਖ ਸਰੂਪ ਹਾਜ਼ਰ ਨਾਜ਼ਰ ਹੈ ਅਤੇ ਜੁਗਾਂ ਪ੍ਰਯੰਤ ਹਾਜ਼ਰ ਨਾਜ਼ਰ ਰਹੇਗਾ। ਸ੍ਰੀ ਗੁਰੂ ਅਰਜਨ ਸਾਹਿਬ ਜੀ ਜੇਕਰ ਇਹ ਅੱਜ ਉੱਚਾ ਉਪਕਾਰ ਨਾ ਕਰਦੇ ਤਾਂ ਅੱਜ ਦਸਾਂ ਪਾਤਸ਼ਾਹੀਆਂ ਦੀ ਜ਼ਾਹਰ ਜ਼ਹੂਰਤਾ ਅਤੇ ਹਾਜ਼ਰ ਨਾਜ਼ਰਤਾ ਦਾ ਅਬਿਨਾਸ਼ੀ ਅਨੰਦ ਅਸੀਂ ਕਦੇ ਨਾ ਮਾਣ ਸਕਦੇ। ਗੁਰੂ ਰੂਪ ਬਾਣੀ ਦੇ ਵਜੂਦ ਪ੍ਰਭਾਵ ਕਰਿ ਹੀ ਗੁਰੂ ਦਾ ਜੋਤਿ-ਸਰੂਪੀ ਪਰਤੱਖ ਸਰੂਪ ਪ੍ਰਗਟ ਪਾਹਾਰੇ ਜਾਪਦਾ ਹੈ। ਗੁਰੂ ਉਪਦੇਸ਼ ਰੂਪੀ ਗੁਰਬਾਣੀ ਦਾ ਸਰੂਪ ਹੀ ਜੇਕਰ ਅਸਾਥੋਂ ਅਲੋਪ ਗੋਪ ਹੋ ਜਾਂਦਾ ਤਾਂ ਗੁਰੂ ਹਿਰਦਾ ਸਾਡੇ ਤੀਕ ਕੀਕੂੰ ਅੱਪੜਦਾ! ਗੁਰੂ ਸਾਹਿਬਾਨ ਦੀ ਇਹ ਨਿਜ ਸਰੂਪੀ ਯਾਦ ਸਾਡੇ ਤੀਕ ਕੀਕੂੰ ਅੱਪੜਦੀ! ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਜੂਦ ਦੀ ਅਟੱਲਤਾ ਅੰਦਰ ਦਸੇ ਗੁਰੂ ਪਾਤਸ਼ਾਹੀਆਂ ਦੀ ਨਿਜ ਸਰੂਪੀ ਅਟੱਲ, ਤੇ ਵਿਸ਼ੇਸ਼ ਕਰਿ ਇਹ ਅਟੱਲਤਾ ਕਾਇਮ ਹੈ ਅਤੇ ਗੁਰੂ ਸਾਹਿਬਾਨ ਦੀ ਯਾਦ ਭੀ ਅਟੱਲ ਹੈ।

ਇਸ ਅਟੱਲਤਾ ਅਤੇ ਕਾਇਮੀ ਖ਼ਾਤਰ ਹੀ ਗੁਰੂ ਸਾਹਿਬ ਗੁਰੂ ਅਰਜਨ ਦੇਵ ਜੀ ਨੇ ਸਦਾ ਅਟੱਲ ਰਹਿਣ ਵਾਲੀ ਕੁਰਬਾਨੀ ਦੇ ਪੂਰਨੇ ਪਾਏ। ਕੁਰਬਾਨੀ ਭੀ ਉਹ, ਜਿਸ ਦੀ ਮਿਸਾਲ ਸਿਵਾਏ ਗੁਰੂ ਘਰ ਦੇ ਹੋਰ ਕਿਤੇ ਨਹੀਂ ਮਿਲਦੀ। ਅਦੁੱਤੀ ਕੁਰਬਾਨੀ ਦੁਆਰਾ ਅਦੁਤੀ ਅਟੱਲਤਾ ਦਾ ਮੇਅਰਾਜ ਪ੍ਰਾਪਤ ਹੋਇਆ ਤਾਂ ਕੇਵਲ ਗੁਰੂ ਅਰਜਨ ਦੇਵ ਜੀ ਨੂੰ ਹੋਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਅੱਖਰ ਅੱਖਰ ਸਾਨੂੰ ਸੱਚੀ ਕੁਰਬਾਨੀ ਦਾ ਸਬਕ ਸਿਖਾਉਂਦਾ ਹੈ। ਸਚ ਪੁਛੋ ਤਾਂ ਗੁਰਬਾਣੀ, ਗੁਰ-ਸ਼ਬਦ ਕਮਾਇਆਂ ਹੀ ਸੱਚੀ ਕੁਰਬਾਨੀ ਦੀ ਆਤਮ-ਜਾਗ ਲਗਦੀ ਹੈ। ਕੁਰਬਾਨੀ ਦੀ ਸੱਚੀ ਸਪਿਰਿਟ ਹੀ ਗੁਰਸਿਖੀ ਦੀ ਕਮਾਈ ਵਿਚ ਹੈ। ਇਹ ਗੁਰਬਾਣੀ ਗੁਰ-ਸ਼ਬਦ ਦੀ ਕਮਾਈ ਹੀ ਹੈ ਜੋ ਜਗਿਆਸੂ ਦੇ ਆਤਮਾ ਨੂੰ ਜੀਵਨ-ਜਾਗ ਲਾਉਂਦੀ ਹੈ। ਇਹ ਗੁਰ-ਸ਼ਬਦ, ਗੁਰਮਤਿ ਨਾਮ ਦੀ ਅਭਿਆਸ ਕਮਾਈ ਹੀ ਹੈ ਜੋ ਆਤਮਾ ਨੂੰ ਜੋਤਿ-ਜਗੰਨੇ ਰੰਗ ਲਾਉਂਦੀ



www.AKJ.Org

ਹੈ ਅਤੇ ਲਾਈ ਰਖਦੀ ਹੈ ਅ'ਤੇ ਲਾ ਕੇ ਖਿੜਾਈ ਰਖਦੀ ਹੈ। ਆਤਮ-ਰੰਗਾਂ ਦੇ ਖੇੜੇ ਵਿਚ ਹੀ ਸੱਚੀ ਕੁਰਬਾਨੀ ਦੇ ਸੱਚੇ ਪੂਰਨੇ ਪੈ ਸਕਦੇ ਹਨ। ਆਤਮ-ਰੰਗਾਂ ਦੇ ਖਿੜਾਉ ਵਿਚ ਸੱਚੀ ਸੂਰਮਤਾਈ ਦੀ ਸਪਿਰਿਟ ਪਰਜੁਲਤ ਹੁੰਦੀ ਹੈ। ਆਤਮ-ਰੰਗ ਲਗੇ ਬਾਝੋਂ ਕੋਈ ਪ੍ਰਾਣੀ ਸੂਰਾ (ਸੂਰਮਾ) ਨਹੀਂ ਬਣ ਸਕਦਾ। ਆਹਾ! ਕੈਸਾ ਸੋਹਣਾ ਗੁਰਵਾਕ ਸੂਰਮੇ ਬਣਾਉਣ ਵਾਲਾ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਉਚਾਰਨਾ ਕੀਤਾ ਹੈ, ਯਥਾ ਗੁਰਵਾਕ:-

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥
ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ॥੧॥(੪॥੩੫) ਪੰਨਾ ੬੮੦

ਇਸ ਗੁਰਵਾਕ ਦਾ ਸਪੱਸ਼ਟ ਭਾਵ ਹੈ ਕਿ ਸੱਚਾ ਸੂਰਮਾ ਸੋਈ ਹੈ ਜਿਸ ਨੂੰ ਇਸ ਜੁਗ ਵਿਖੇ, ਅਰਥਾਤ ਇਸ ਜ਼ਮਾਨੇ ਅੰਦਰਿ ਹਰਿ-ਰੰਗ, ਸੱਚੇ ਨਾਮ ਦਾ ਰੰਗ ਲਗਿਆ ਹੈ। ਸੱਚੇ ਪਰਮਾਤਮੀ ਰੰਗ ਆਤਮ ਕਮਾਈਆਂ ਕਰਿ ਹੀ ਲਗਦੇ, ਲਗ ਸਕਦੇ ਹਨ। ਨਾਮ ਅਭਿਆਸ ਦੀ ਕਮਾਈ ਹੀ ਸੱਚੀ ਆਤਮ-ਕਮਾਈ ਹੈ। ਕੂੜਾਵੇ ਵੇਦਾਂਤੀਆਂ ਵਾਲੀ ਗਲੀਂ ਬਾਤੀਂ ਇਹ ਡੀਂਗ ਮਾਰਨਾ ਕਿ 'ਸਰਬ ਜੀਵੋਂ ਮੇਂ ਅਪਨੀ ਆਤਮਾ ਕਾ ਭਾਸ਼ ਅਨਮਾਨ ਕਰੋ' ਇਹ ਫੋਕਟ ਆਤਮ-ਗਿਆਨ ਦੀ ਚੁੰਚ-ਚਰਚਾ ਹੈ। ਨਾਮ ਦੀ ਅਭਿਆਸ ਕਮਾਈ ਦੁਆਰਾ ਆਤਮ ਜੋਤਿ ਨੂੰ ਪਰਤੱਖ ਸਾਂਗੋ-ਪਾਂਗ ਲਖਣਾ ਅਤੇ ਇਸ ਬਿਧਿ ਰਸ-ਜੋਤਿ-ਰੰਗਾਂ ਵਿਚ ਲੀਨ ਹੋ ਕੇ ਦੇਹੋਂ ਬਦੇਹ ਹੋ ਜਾਣਾ ਇਹ ਸੱਚੀ ਆਤਮ ਕਮਾਈ ਵਾਲੀ ਬਿਵਸਥਾ ਹੈ। ਆਤਮ ਰੰਗਾਂ ਵਿਚ ਰੱਤ ਕੇ ਹੀ ਸੱਚੀ ਕੁਰਬਾਨੀ ਹੋ ਸਕਦੀ ਹੈ ਅਤੇ ਸੱਚੀ ਸੂਰਮਤਾਈ ਵਾਲੀ ਗਤ ਬਿਵਸਥਾ ਪ੍ਰਾਪਤ ਹੋ ਸਕਦੀ ਹੈ। ਐਵੇਂ ਨਹੀਂ। ਆਤਮ ਰੰਗਾਂ ਵਿਚ ਰੰਗੀਜ ਕੇ ਹੀ ਸਰੀਰ ਉਤੇ ਬਿਕਰਾਲ ਕਸ਼ਟਾਂ ਦੇ ਸਹਾਰਨ ਵਾਲੀ ਸਹਿਨ-ਸ਼ੀਲਤਾ ਸੰਪੰਨ ਸੱਚੀ ਰੂਹ ਆਤਮਾ ਅੰਦਰ ਪ੍ਰਵੇਸ਼ ਹੁੰਦੀ ਹੈ। ਆਤਮ-ਰੰਗਾਂ ਵਾਲੇ ਨਾਮ ਤ੍ਰੰਗੀ ਅਭਿਆਸੀ ਜਨ ਨੂੰ ਦੇਹ ਅਧਿਆਸ ਹੀ ਨਹੀਂ ਰਹਿੰਦਾ। ਸਰੀਰ ਦੇ ਕਸ਼ਟ ਤਸੀਹੇ ਪੋਂਹਦੇ ਨਹੀਂ, ਮਹਿਸੂਸ ਹੀ ਨਹੀਂ ਹੁੰਦੇ, ਕਿਉਂਕਿ ਬਿਰਤੀ ਤਾਂ ਆਤਮ-ਰੰਗਾਂ ਵਿਚ ਅਰੂੜ ਹੋਈ ਹੁੰਦੀ ਹੈ। ਸਰੀਰ ਦੇ ਦੁਖ-ਕਲੇਸ਼ਾਂ ਦੇ ਅਹਿਸਾਸ ਦੀ ਉਥੇ ਗੰਮਤਾ ਹੀ ਨਹੀਂ। ਮਰਨ ਜੀਵਣ ਦਾ ਉੱਥੇ ਸੰਸਾ ਹੀ ਨਹੀਂ। ਜੀਵਣ-ਮੁਕਤਿ ਬਿਵਸਥਾ ਦੀ ਅਉਜ (ਸਿਖਰਲੇ ਡੰਡੇ) ਦੀ ਮੌਜ-ਰੰਗ-ਰਲੀਆਂ ਮਾਨਣਹਾਰੇ ਸਤਿਗੁਰੂ ਗੁਰੂ ਅਰਜਨ ਸਾਹਿਬ ਜੀ ਮਹਾਰਾਜ ਨੂੰ ਬੜੇ ਬੜੇ ਬਿਕਰਾਲ ਕਸ਼ਟ ਤਸੀਹੇ ਦਿਤੇ ਗਏ, ਪਰ ਗੁਰੂ ਸਾਹਿਬ ਆਤਮ-ਰੰਗ ਵਿਚ ਅਡੋਲ, ਕੇਵਲ ਆਤਮ-ਬਲ ਕਰਕੇ ਇਨ੍ਹਾਂ ਕਸ਼ਟਾਂ ਤੋਂ ਅਲੇਪ ਰਹੇ। ਸੱਚੀ ਸ਼ਾਂਤਮਈ ਅਤੇ ਸਹਿਨ-ਸ਼ੀਲਤਾ ਦੀ ਅਤਿ ਉਚ ਅਵਸਥਾ ਹੈ, ਜਿਸ ਨੂੰ ਨਾਮ ਰੰਗੋਂ ਘੁਥੇ ਅਲਪਗ ਇਨਸਾਨ ਆਤਮ-ਮੌਜ-ਅਵਸਥਾ ਤੋਂ ਉਰੇ ਜੰਤ ਕਦੇ ਨਹੀਂ ਪਹੁੰਚ ਸਕਦੇ। ਅੱਜ ਹੱਠ-ਕਰਮੀਆਂ ਵਾਲੀ ਸ਼ਾਂਤਸਈ ਦੀਆਂ ਥੋਥੀਆਂ ਤੋਤਾ-ਕਹਾਣੀਆਂ ਤੁਰ ਪਈਆਂ ਹਨ। ਗੁਰੂ ਅਰਜਨ ਸਾਹਿਬ ਜੀ ਨੇ ਸੱਚੀ ਸ਼ਾਂਤਮਈ, ਸੱਚੀ ਸਹਿਨ-ਸ਼ੀਲਤਾ ਅਤੇ ਸੱਚੀ ਸੂਰਮਤਾਈ ਦਾ ਸੱਚਾ ਪੂਰਨਾ ਪਾ ਕੇ ਪਰਤੱਖ ਦਿਖਾਇਆ ਜਿਸ ਨੂੰ ਕੋਈ ਫੋਕਟ ਹੱਠ-ਕਰਮੀ ਸ਼ਾਂਤਮਈ ਦਾ ਚੁੰਚ-ਕਥਨੀਆ ਰੀਫ਼ਾਰਮਰ ਨਹੀਂ ਪਹੁੰਚ ਸਕਦਾ।

ਸੋ ਆਤਮ ਬਿਵਸਥਾ ਦੇ ਰੰਗਾਂ ਵਾਲੀ ਸਿਰ ਧੜਾਂ ਦੀ ਬਾਜ਼ੀ ਜਿੱਤਣ ਵਾਲੇ ਦੇ ਵਸਿਗਤ ਸਭ ਤਾਕਤਾਂ ਹੋ ਜਾਂਦੀਆਂ ਹਨ। ਪਰ ਇਹ ਉਸ ਵਡਭਾਗੇ ਜੰਤ ਨੂੰ ਖੇਡ ਬਣਿ ਆਂਵਦੀ ਹੈ ਜਿਸ ਨੇ ਪੂਰਾ ਸਤਿਗੁਰੂ ਧਾਰਨ ਕੀਤਾ ਹੋਇਆ ਹੁੰਦਾ ਹੈ। ਅਰਥਾਤ ਜੋ ਨਿਗੁਰਾ ਨਹੀਂ ਹੁੰਦਾ। "ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ" ਅਰਥਾਤ ਸਤਿਗੁਰੂ ਦੇ ਸਿਖਾਂ ਨੂੰ ਹੀ ਆਤਮ ਬਿਵਸਥਾ ਪ੍ਰਾਪਤ ਹੋ ਸਕਦੀ ਹੈ। ਨਾਮੋਂ ਘੁਥੇ ਨਿਗੁਰਿਆਂ ਨੂੰ ਇਹ ਰੰਗ ਕਿਥੋਂ ?

ਧੰਨ ਸੱਚਾ ਪਾਤਸ਼ਾਹ ਗੁਰੂ ਅਰਜਨ ਸਾਹਿਬ! ਇਸ ਦੇ ਪ੍ਰਤਾਪ ਕਰਕੇ ਨਾਮ ਦੀ, ਗੁਰਬਾਣੀ ਦੀ, ਗੁਰ-ਸ਼ਬਦ ਦੀ ਸੱਚੀ ਅਮਰੀ ਦਾਤਿ ਸਾਡੇ ਤਾਈਂ ਅਪੜੀ। ਜਿਸ ਦੀ ਕਮਾਈ ਕਰਿ ਗੁਰੂ ਪੰਥ ਅੰਦਰ ਅਦੁਤੀ ਕੁਰਬਾਨੀਆਂ ਵਾਲੇ ਗੁਰਸਿੱਖ ਸ਼ਹੀਦ ਅਨੇਕਾਂ ਦੀ ਗਿਣਤੀ ਵਿਚ ਪੈਦਾ ਹੋਏ ਅਤੇ ਅਣਗਿਣਤ ਹੀ ਅਗੇ ਨੂੰ



www.AKJ.Org

# ਹੁਕਮ ਰਜ਼ਾ ਦੇ ਬਿਖਮ ਕਟਾਕਸ਼ੀ ਸਾਕੇ

[ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਜੇਵਡ ਆਪ ਤੇਵਡ ਤੇਰੀ ਦਾਤਿ ਸਾਈਆਂ, ਤੇਵਡ ਸਾਕੜਾ ਸਾਈਂ ਰਤੋਲਿਆਂ ਦਾ।
ਸਾਕੇ ਜੇਵਡਾ ਸਦਕੜਾ ਦਾਤਿ ਸੰਦਾ, ਵਡਾ ਵਰਤਣਾ ਸਾਂਗ ਸਿਦਕੋਲਿਆਂ ਦਾ।
ਲੋਹਾਂ ਭਖਦੀਆਂ ਅਗਨ ਦੇ ਵਾਂਗ ਤਵੀਆਂ, ਉਤੇ ਬੈਠਣਾ ਸੀਲ ਲੀਲੋਲਿਆਂ ਦਾ।
ਅਗਨਿ ਭੁਜਦੀਆਂ ਸਹਿਣੀਆਂ ਰੇਤ ਕਣੀਆਂ, ਤਿਨ੍ਹਾਂ ਤ੍ਰਾਸ ਕੀ ਉਸਨ ਸੀਤੋਲਿਆਂ ਦਾ।੨੧੦।
ਜਿਨ੍ਹਾਂ ਖਉਲਦੇ ਆਤਸ਼ੀ ਉਦਕ ਸਹਿਣੇ, ਤਿਨ੍ਹਾਂ ਖ਼ੌਫ਼ ਨ ਤੱਤਿਆਂ ਝੋਲਿਆਂ ਦਾ।
ਜਿਨ੍ਹਾਂ ਤਪਤ ਕੜਾਹਿਆਂ ਵਿਚਿ ਬਹਿਣਾ, ਸਹਿਣ ਸੁਗਮ ਪਗ ਤਪਤ ਰੇਤੋਲਿਆਂ ਦਾ!
ਜਿਹ ਸਰੀਰ ਤੇ ਅਗਨ ਅੰਗਾਰ ਵਰ੍ਹਨੇ, ਤਿਨ੍ਹਾਂ ਤਾਉ ਕੀ ਘਾਮ ਰੁਤੋਲਿਆਂ ਦਾ।
ਜਿਨ੍ਹਾਂ ਝਲਣੇ ਬਦਨ ਤੇ ਅਗਨ ਛਾਲੇ, ਤਿਨ੍ਹਾਂ ਘਾਉ ਕੀ ਨਗਨ ਚਰਨੋਲਿਆਂ ਦਾ।੨੧੧।
ਸੁਗਮ ਲੰਘਣਾ ਆਤਸ਼ੀ ਸਾਗਰਾਂ ਨੂੰ, ਐਸਾ ਪੰਥ ਪ੍ਰੇਮ-ਪੰਥੋਲਿਆਂ ਦਾ।
ਕਟਕ ਕਉਤਕੀ ਪੂਰਨੇ ਪ੍ਰੇਮ ਸੰਦੇ, ਕਟਕੀ ਪ੍ਰੇਮ ਕਉਤਕ ਪੂਰਨੋਲਿਆਂ ਦਾ।
ਦੇਗ ਉਬਲੇ ਭਾਫ ਸਟੀਮ ਵਾਲੀ, ਵਿਚਿ ਬੈਠਣਾ ਸੋਹਲ ਸ੍ਰੀਰੋਲਿਆਂ ਦਾ।
ਪੈਣ ਛਾਲੜੇ ਫੁਲ ਸਰੀਰ ਉੱਤੇ, ਬਦਲੇ ਤਿਊਰ ਨ ਸ਼ਾਂਤ ਚਿਹਰੋਲਿਆਂ ਦਾ।੨੧੨।
ਸਦ ਸ਼ਿਗੁਫ਼ਤ ਚਿਹਰੇ ਜੇਰੇ ਵਾਲਿਆਂ ਦੇ, ਦ੍ਰਿੜ੍ਹ ਸਿਦਕ ਜਿਗਰ ਮੋਹਕਮੋਲਿਆਂ ਦਾ।
ਮੁਖੋਂ ਉਫ਼ ਨ ਨਿਕਲੀ ਇਕ ਵੇਰੀ, ਸਹਿਆ ਦਾਹੁ ਵਿਕਰਾਲ ਕਸ਼ਟੋਲਿਆਂ ਦਾ।
ਭਾਰੇ ਕਸ਼ਟ ਸਾਰੇ ਪਾਣੀ ਵਾਂਗ ਪੀਤੇ, ਪਿੱਤਾ ਸ਼ਾਂਤਕੀ ਸ਼ਾਂਤਿ ਕ੍ਰਾਂਤੋਲਿਆਂ ਦਾ।
ਪੁਤਲੇ ਸ਼ਾਂਤ ਦੇ ਸ਼ਾਂਤ ਦੀ ਅਵਧ ਸਤਿਗੁਰ, ਰੰਚ ਲੇਸ ਨ ਤਮਕ ਪਿੱਤੋਲਿਆਂ ਦਾ।੨੧੩।
ਹੇਠੋਂ ਭੱਠ ਭੱਖੇ ਭੜਿ ਭੜਿ ਅੱਗ ਮੱਚੇ, ਜੋਰੋ ਜੋਰ ਲੂੰਬਾ ਭਾਂਬੜੋਲਿਆਂ ਦਾ।
ਉਤੋਂ ਦੇਗ ਤਪੇ ਗੜਿ ਗੜਿ ਨੀਰ ਰਿਝੇ, ਹੋਰੋ ਹੋਰ ਵਾਧਾ ਸਟੀਮੋਲਿਆਂ ਦਾ।
ਸਜੇ ਵਿਚਿ ਅਡੋਲ ਗੁਰ ਸ਼ਾਂਤਿ ਮੂਰਤਿ, ਨੂਰੋ ਨੂਰ ਮੁਖੜਾ ਨੂਰੜੋਲਿਆਂ ਦਾ।
ਠੰਡੀ ਦੇਗ ਸਟੀਮ ਸਮੇਤ ਹੋਈ, ਓੜਕ ਦੇਖ ਗੁਰ ਸ਼ਾਂਤਿ ਸੀਤੋਲਿਆਂ ਦਾ।੨੧੪।
ਐਪਰ ਅੱਗ ਦਾ ਦੱਗ ਨ ਸ਼ਾਂਤਿ ਹੋਵੇ, ਭਾਂਬੜ ਮਚਿਆ ਅਗਨ ਜੋਸ਼ੋਲਿਆਂ ਦਾ।
ਲਾਟਾਂ ਲਪਕੀਆਂ ਦੇਗ ਦੇ ਕੰਢਿਆਂ ਨੂੰ, ਵੱਡਾ ਜੋਸ਼ ਉਭੜਾਉ ਅਗਨੋਲਿਆਂ ਦਾ।
ਮਾਨੋ ਦੇਗ ਉਤੇ ਅਗਨ ਕੋਪ ਹੋਈ, ਉਨਿ ਸੁਭਾਉ ਕਿਉਂ ਕੀਨ ਸੀਤੋਲਿਆਂ ਦਾ।
ਅਥਵਾ ਅਗਨ ਦਾ ਕੋਪ ਹੈ ਨੀਰ ਉਤੇ, ਅਸਲਾ ਛਡਿਆ ਨ ਜਿਨਿ ਠੰਡੋਲਿਆਂ ਦਾ।੨੧੫।
ਨੁਕਤੇ ਏਸ ਦਾ ਭੇਦ ਨ ਮੂਲ ਸੁਝੇ, ਕਾਰਨੁ ਅਸਲ ਕੀ ਲਾਟ ਲਪਕੋਲਿਆਂ ਦਾ।
ਜਾਣੀ ਜਾਣਿ ਸਤਿਗੁਰ ਗੋਝ ਭੇਦ ਜਾਨਣਿ, ਅੰਤਰਿ ਗਿਆਨ ਜਿਨ ਪੰਚ ਭੂਤੋਲਿਆਂ ਦਾ।

---

ਪੈਦਾ ਹੁੰਦੇ ਰਹਿਣਗੇ। ਅਣਗਿਣਤ ਲਾਸਾਨੀ ਕੁਰਬਾਨੀਆਂ ਜੋ ਅੱਜ ਤਾਈਂ ਗੁਰੂ ਘਰ ਵਿਚ ਹੋਈਆਂ ਅਤੇ ਅਗੇ ਨੂੰ ਹੋਣਗੀਆਂ, ਉਹ ਗੁਰੂ ਅਰਜਨ ਸਾਹਿਬ ਦੀ ਬਖਸ਼ੀ ਅਮੋਘ ਦਾਤਿ ਦਾ ਸਦਕਾ ਹਨ। ਗੁਰੂ ਸਾਹਿਬ ਗੁਰੂ ਪੰਚਮ ਪਾਤਸ਼ਾਹ ਦੀਆਂ ਹੋਰ ਅਨੇਕ ਅਧਭੁਤ ਉਪਕਾਰ-ਕਰਨੀਆਂ ਹਨ, ਜਿਨ੍ਹਾਂ ਨੂੰ ਵਰਨਣ ਕਰਦਿਆਂ ਬੜਾ ਵਿਸਥਾਰ ਹੋ ਜਾਂਦਾ ਹੈ। ਸਮਾਂ ਥੋੜਾ ਅਤੇ ਸੰਕੋਚ ਦਾ ਖ਼ਿਆਲ ਲੈ ਕੇ ਏਥੇ ਹੀ ਬਸ ਕਰਨਾ ਪਿਆ।

[ਇਹ ੬ ਸਫ਼ੇ ਦੀ ਬਾਕੀ ਹੈ]

['ਗੁਰਮਤਿ ਪ੍ਰਕਾਸ਼' ਪੁਸਤਕ ਵਿਚੋਂ]



www.AKJ.Org

ਮੰਦ ਮੰਦ ਮੁਸਕਰਾਇ ਕੇ ਸਤਿਗੁਰਾਂ ਨੇ, ਖੋਲ੍ਹਿ ਚੌਂਕੜਾ ਪਦਮਾਸਣੋਲਿਆਂ ਦਾ।
ਚਰਨ ਰੱਖ ਦਿਤੇ ਦੇਗ ਕੰਢਿਆਂ ਤੇ, ਹੋਇਆ ਸ਼ਾਂਤਿ ਭਾਂਬੜੁ ਅਗਨਝੋਲਿਆਂ ਦਾ।੨੧੬।
ਬੁਝੀ ਅਗਨ ਸਭ ਠੰਡੜੀ ਠਾਰ ਹੋ ਗਈ, ਅੰਗ ਪਰਸ ਕੇ ਚਰਨ ਸ਼ਾਂਤੋਲਿਆਂ ਦਾ।
ਅਗਨ ਲਪਕਦੀ ਸੀ ਚਰਨ ਪਰਸਣੇ ਨੂੰ, ਪਾਇਆ ਖ਼ੂਬ ਇਨਆਮ ਅਦਬੋਲਿਆਂ ਦਾ।
ਦੇਗ ਸ਼ਾਂਤਿ ਹੋਈ ਅਗਨ ਸ਼ਾਂਤਿ ਹੋਈ, ਹੋਇਆ ਸ਼ਾਂਤਿ ਜਲੁ ਜਲਤ ਦੇਗੋਲਿਆਂ ਦਾ।
ਸ਼ਕਤਿ ਭੂਤ ਪੰਜੇ ਦੂਤ ਸ਼ਾਂਤਿ ਹੋਵਨਿ, ਜਿਨ੍ਹਾਂ ਅਮਰੁ ਸ਼ਿਵ ਸ਼ਕਤੀ ਸਰੋਲਿਆਂ ਦਾ।੨੧੭।
ਐਸੀ ਸ਼ਾਂਤਿ ਸਤਿਗੁਰਾਂ ਸ਼ਕਤੀਸ਼ਰਾਂ ਦੀ, ਸਭ ਸਿਰ ਅਮਰੁ ਪਰਕ੍ਰਿਤ ਸ਼ਾਂਤੋਲਿਆਂ ਦਾ।
ਸਤਿਗੁਰ ਸ਼ਾਂਤਿ ਪਰਕ੍ਰਿਤ ਦੇ ਅਸਲ ਸਾਂਚੇ, ਹੋਰ ਹੇਠ ਉਦਾਹਰਨੁ ਸਾਂਚੋਲਿਆਂ ਦਾ।
ਜਲਦੇ ਆਵਿਆਂ ਨੂੰ ਗੁਰਾਂ ਸ਼ਾਂਤਿ ਕੀਤਾ, ਸੁਤੇ ਕ੍ਰਿਸ਼ਮ ਦਸਮੇਸ਼ ਚਲਤੋਲਿਆਂ ਦਾ।
ਤੇਲ ਖੌਲਦੇ ਭੀ ਗੁਰਾਂ ਠਾਰ ਦਿਤੇ, ਕਰਿ ਉਧਾਰ ਕੌਡੇ ਰਾਖਸ਼ੋਲਿਆਂ ਦਾ।੨੧੮।
ਭੜਿਹਰਿ ਜਲਦਿਆਂ ਨੂੰ ਗੁਰਾਂ ਠਾਰਿ ਦਿਤਾ, ਭੈ ਨਿਵਾਰ ਜਠਰਾਗਨਿ ਜਲਤੋਲਿਆਂ ਦਾ।
ਬੜਵਾਨਲੀ ਜਲਦੇ ਜੀਅ ਜੰਤ ਠਾਰੇ, ਕੀ ਵਿਚਾਰੁ ਜੰਗਮ ਬਪੁੜੋਲਿਆਂ ਦਾ।
ਕੀ ਅਚਰਜੁ ਜੇ ਚਰਨ ਸਰੋਜ ਛੋਹਿਆ, ਹੋਇਆ ਠਰਨ ਅਗਨ ਦੇਵਤੋਲਿਆਂ ਦਾ।
ਬਰਨ ਦੇਵਤਾ ਦੀ ਗਤੀ ਦੇਖ ਕੇ ਤੇ, ਜੁਸਾ ਜਾਗਿਆ ਅਗਨ ਰਸ਼ਕੋਲਿਆਂ ਦਾ।੨੧੯।
ਸ੍ਵੈਗਤਿ ਸੁਆਰਥ ਦੇ ਹੇਤ ਹੀ ਗੁਰੂ ਚਰਨੀਂ, ਹੋਇਆ ਲਪਕਣਾ ਅਗਨ ਜਿਹਬੋਲਿਆਂ ਦਾ।
ਕਰਣਾ ਧਾਰਿ ਉਦਾਰ ਗੁਰਿ ਚਰਨ ਛੋਹੇ, ਹੋਇਆ ਲੁਪਣ ਪਰਚੰਡ ਦੇਵੋਲਿਆਂ ਦਾ।
ਹੋਈ ਲੋਪ ਪਰਚੰਡਕਾ ਸ਼ਾਂਤਿ ਹੋ ਕੇ, ਰਹਿਆ ਦੰਗ ਦਿਲ ਪਾਸ ਖੜੋਲਿਆਂ ਦਾ।
ਮੀਆਂ ਮੀਰ ਫਕੀਰੁ ਗੁਰ ਸਿਦਕ ਪ੍ਰੇਮੀ, ਡਿਠਾ ਮੋਅਜਜ਼ਾ ਵਡ ਮੋਅਜਜ਼ੋਲਿਆਂ ਦਾ।੨੨੦।
ਹੱਥ ਜੋੜ ਕੇ ਪੁਛਿਆ ਗੁਰਾਂ ਪਾਸੋਂ, ਸੁਖਨ ਗੁੱਝੜੇ ਰਾਜ਼ ਨਿਆਜ਼ੋਲਿਆਂ ਦਾ।
ਹੇ ! ਗੁਰ, ਪੀਰ, ਵਲੀ, ਉਲਿਆਇ ਪੂਰੇ, ਕ੍ਰਿਸ਼ਮ ਕਸ਼ੱਫੀ ਤੂੰ ਅਜ਼ਮਤੋਲਿਆਂ ਦਾ।
ਏਡੇ ਦੁਖ ਤਸੀਹੜੇ ਕਾਹਿ ਝਲੋਂ, ਗਾਰਤ ਕਰੋ ਇਹ ਰਾਜ ਦੁਸ਼ਟੋਲਿਆਂ ਦਾ।
ਸਰਬ ਕਲਾ ਸਮਰੱਥ ਤੂੰ ਕਲਾਧਾਰੀ, ਵਡ ਪਰਤਾਪੁ ਤੇਰੇ ਕਲਾਮੋਲਿਆਂ ਦਾ।੨੨੧।
ਕਲਮੇ ਪਾਕ ਤੇਰੇ ਦੀ ਕੀ ਬਾਤ ਆਖਾਂ, ਬਲ ਵਿਡਾਣ ਤਉ ਸਿਖ ਬਚਨੋਲਿਆਂ ਦਾ।
ਅਧਮ ਸਿਖ ਭੀ ਤੇਰੜੇ ਬਚਨ ਬਲੀਏ, ਮੈਂ ਭੀ ਨਦਰ ਪਾਤਰ ਜਨਾਬੋਲਿਆਂ ਦਾ।
ਕਰੋ ਹੁਕਮ ਗ਼ੁਲਾਮ ਨੂੰ ਇਕ ਵਾਰੀ, ਤਖ਼ਤਾ ਉਲਟ ਦੇਵਾਂ ਜ਼ਾਲਮੋਲਿਆਂ ਦਾ।
ਗੁਰਾਂ ਆਖਿਆ ਹੱਸ ਕੇ ਸਾਈਂ ਲੋਕਾ, ਅਸਾਂ ਪਾਲਣਾ ਹੁਕਮ ਧੁਰੋਲਿਆਂ ਦਾ।੨੨੨।
ਭਾਂਡਾ ਭੰਨਣਾ ਸੀਸ ਦਿਲੀਸੀਆਂ ਦੇ, ਭਾਣਾ ਮੰਨਿ ਰਜ਼ਾਇ ਰਜ਼ੋਲਿਆਂ ਦਾ।
ਚੋਲਾ ਛਡਿ ਦੇਣਾ ਹੱਡ ਚੰਮ ਕੇਰਾ, ਆਇਆ ਸੱਦ ਪਿਆਨ ਪਿਓਲਿਆਂ ਦਾ।
ਕਰਾਮਾਤ ਕਹਿਰ ਜ਼ਹਿਰ, ਕੁਫ਼ਰ ਅਜ਼ਮਤ, ਭਾਣਾ ਅੱਤ ਮਿੱਠਾ ਏਜ਼ਦੋਲਿਆਂ ਦਾ।
ਭਾਣੇ ਤੁੱਲ ਦੂਜੀ ਕੋਈ ਦਾਤਿ ਨਾਹੀਂ, ਭਾਣਾ ਅੱਤ ਅਮੁੱਲ ਖਸਮੋਲਿਆਂ ਦਾ।੨੨੩।
ਵੱਡੀ ਲਾਜ ਕੁਲੱਛਣੀ ਹਰਿ ਜਨਾਂ ਨੂੰ, ਹੈ ਕੁਕਾਜ ਨਾਟਕ ਚੇਟਕੋਲਿਆਂ ਦਾ।
ਸਾਨੂੰ ਯਾਰ ਸਾਈਂ ਵਾਲੀ ਕਾਰ ਚੰਗੀ, ਚੰਗਾ ਹੁਕਮ ਕਰਤਾਰ ਦਰੋਲਿਆਂ ਦਾ।
ਸਚਖੰਡ ਦਰਬਾਰ ਦਰਸਾਰੁ ਚੰਗਾ, ਚੰਗਾ ਰਹਿਣੁ ਨ ਦੂਨ ਦੁਨੀਓਲਿਆਂ ਦਾ।
ਨਿਰੰਕਾਰ ਨਿਕਟਾਰ ਦੀਦਾਰ ਚੰਗਾ, ਚੰਗਾ ਰਾਜ ਨ ਛਤਰ-ਪਤੋਲਿਆਂ ਦਾ।੨੨੪।

['ਜੋਤਿ ਵਿਗਾਸ' ਪੁਸਤਕ ਵਿਚੋਂ

www.AKJ.Org

# ਵਿਸ਼ਵ-ਕਰਾਂਤੀ ਕਿ ਕਰਾਮਾਤ

[ਡਾ: ਗੁਰਬਖਸ਼ ਸਿੰਘ ਜੀ, 6/8 ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ]

ਗੁਰੂ ਗੋਬਿੰਦ ਸਿੰਘ ਜੀ ਨੇ ੧੬੯੯ ਦੀ ਵੈਸਾਖੀ ਨੂੰ ਵਿਸ਼ਵ ਭਰ ਵਿਚ ਪਰਗਟ ਹੋਣ ਵਾਲੀ ਕਰਾਮਾਤ ਵਿਖਾਈ। ਗੁਰੂ ਖਾਲਸਾ ਪੰਥ ਪਰਗਟ ਕੀਤਾ ਗਿਆ। ਉਸ ਖਾਲਸੇ ਨੇ ੧੦੦੦ ਸਾਲ ਦੀ ਚਲਦੀ ਆ ਰਹੀ ਪਰਦੇਸੀ ਹਕੂਮਤ ਦੀ ਸਤਿਆ ਕੇਵਲ ੧੧ ਸਾਲਾਂ (੧੭੧੦ ਵਿਚ ਬੰਦਾ ਸਿੰਘ ਬਹਾਦਰ ਨੇ ਸਰਹੰਦ ਫਤਹ ਕਰ ਲਈ ਸੀ) ਵਿਚ ਖ਼ਤਮ ਕਰ ਦਿਤੀ। ਅਗਲੇ ਪੰਜਾਹ ਸਾਲਾਂ ਵਿਚ ਪੰਜਾਬ ਵਿਚ ਜ਼ਾਲਮ ਹਕੂਮਤ ਦਾ ਖ਼ਾਤਮਾ ਕੀਤਾ ਅਤੇ ਦੂਜੇ ਪੰਜਾਹ ਸਾਲਾਂ ਦੇ ਅੰਦਰ ਪੰਜਾਬ ਹੀ ਨਹੀਂ, ਸਗੋਂ ਆਲੇ ਦੁਆਲੇ ਦੇ ਇਲਾਕੇ ਤੇ ਭੀ ਖਾਲਸੇ ਦਾ ਅਧਿਕਾਰ ਹੋ ਗਿਆ। ਓਹ ਕਾਬਲ ਦੇ ਪਠਾਣ ਅਤੇ ਅਰਬਵਾਸੀ, ਜੋ ਜਦੋਂ ਜੀਅ ਚਾਹੁੰਦਾ ਇਥੋਂ ਦੀ ਜਨਤਾ ਨੂੰ ਲੁਟ ਹੀ ਨਹੀਂ ਲੈ ਜਾਂਦੇ ਸਨ, ਸਗੋਂ ਦੇਸ਼ ਦੇ ਨੌਜਵਾਨਾਂ ਅਤੇ ਲੜਕੀਆਂ ਨੂੰ ਭੀ ਕੈਦ ਕਰ ਕੇ ਨਾਲ ਲੈ ਜਾਂਦੇ ਸਨ, ਖਾਲਸੇ ਦੇ ਜਰਨੈਲ ਹਰੀ ਸਿੰਘ ਨਲੂਆ ਦੇ ਅਗੇ ਦੋ ਕੌਡਾਂ ਦਿਹਾੜੀ ਲੈ ਕੇ ਪੱਥਰ ਢੋਣ ਤੇ ਮਜਬੂਰ ਹੋ ਗਏ ਸਨ। ਇਹ ਸਿੰਘ ਪਹਿਲਾਂ ਉਹੀ ਹਿੰਦੂ ਸਨ ਜਿਨ੍ਹਾਂ ਬਾਰੇ ਕਿਹਾ ਜਾਂਦਾ ਸੀ— "**ਹਮ ਤੋ ਤੋਲਨ ਜਾਨੈ ਤਕੜੀ। ਨੰਗੀ ਕਰਦ ਕਬਹੂੰ ਨਹੀਂ ਪਕੜੀ**"। ਇਹਨਾਂ ਸਿੱਖ ਸੱਜ ਕੇ, ਦੋਧਾਰੇ ਖੰਡੇ ਨੂੰ ਫੜ, ਜਾਨ ਤਲੀ ਤੇ ਧਰ ਆਪਣੇ ਦੇਸ਼ ਦੀ ਇੱਜ਼ਤ ਨੂੰ ਬਚਾਇਆ। ਇਹ ਹੈ ਸੱਚੀ ਅਤੇ ਅਸਲੀ ਕਰਾਮਾਤ।

ਕਰਾਮਾਤ ਵਿਖਾਉਣ ਵਾਲੇ ਤਾਂ ਉਸ ਵੇਲੇ ਭੀ ਅਤੇ ਅੱਜ ਭੀ ਬਹੁਤ ਹਨ। ਜੋ ਹਵਾ ਵਿਚੋਂ ਹੀ ਫੜ ਕੇ ਬਿਭੂਤੀ, ਫਲ, ਸੋਨਾ ਆਦਿ ਜੋ ਕੋਈ ਚਾਹੇ, ਦੇ ਸਕਦੇ ਹਨ। ਬੀਮਾਰ ਬੰਦਿਆਂ ਦੇ ਸਿਰ ਤੇ ਹੱਥ ਰੱਖ ਕੇ ਫੁਰਤੀ ਵਿਚ ਰਾਜ਼ੀ ਕਰ ਦਿੰਦੇ ਹਨ। ਪਰ ਇਹ ਸਭ ਲੋਕਾਂ ਨੂੰ ਠੱਗਣ ਵਾਲੇ ਝੂਠੇ ਤੇ ਪਾਖੰਡੀ ਹਨ। ਜੇ ਸਚਮੁਚ ਹਵਾ ਵਿਚੋਂ ਸੋਨਾ ਅਤੇ ਫਲ ਪੈਦਾ ਕਰ ਸਕਦੇ ਹੋਣ ਤਾਂ ਹਿੰਦੁਸਤਾਨ ਅੱਜ ਤਕ ਗਰੀਬ ਤੇ ਭੁੱਖਾ ਕਿਉਂ ਰਹਿੰਦਾ ? ਜੇ ਹੱਥ ਫੇਰ ਕੇ ਰਾਜ਼ੀ ਕਰਨ ਦੀ ਸਮਰੱਥਾ ਉਹਨਾਂ ਵਿਚ ਹੋਵੇ ਤਾਂ ਹਸਪਤਾਲ ਬੀਮਾਰਾਂ ਨਾਲ ਕਿਉਂ ਭਰੇ ਪਏ ਹੁੰਦੇ ? ਜਦੋਂ ਸਿਆਣੇ ਬੰਦਿਆਂ ਉਹਨਾਂ ਦੀ ਪਰਖ ਕੀਤੀ ਤੇ ਓਹ ਕਿਸੇ ਬੀਮਾਰ ਨੂੰ ਰਾਜ਼ੀ ਨਾ ਕਰ ਸਕੇ ਤਾਂ ਟਾਲਾ ਲਾਉਂਦੇ ਹਨ ਕਿ ਇਨ੍ਹਾਂ ਦਾ ਵੇਲਾ ਨਹੀਂ ਆਇਆ। ਜੇ ਵੇਲਾ ਆਏ ਤੇ ਰਾਜ਼ੀ ਹੋਣਾ ਹੈ ਤਾਂ ਇਹਨਾਂ ਸਿਧਾਂ ਪੀਰਾਂ ਜਾਂ ਭਗਵਾਨਾਂ ਦੀ ਕੀ ਕਰਾਮਾਤ ? ਇਕ ਅਜਿਹੇ ਪਖੰਡੀ ਨੂੰ, ਜਿਸ ਦੇ ਬਹੁਤੇ ਚੇਲੇ ਚਿੱਟੀ ਚਮੜੀ ਵਾਲੇ ਬਾਹਰਲੇ ਲੋਕ ਸਨ, ਆਪਣੀਆਂ ਮਾੜੀਆਂ ਕਰਤੂਤਾਂ ਕਾਰਨ ਹਿੰਦੁਸਤਾਨ ਵਿਚੋਂ ਭੱਜਣਾ ਹੀ ਪੈ ਗਿਆ ਸੀ। ਪਖੰਡ ਛੇਤੀ ਜਾਂ ਦੇਰ ਪਾ ਕੇ ਅੰਤ ਨੰਗੇ ਹੋ ਹੀ ਜਾਂਦੇ ਹਨ।

ਖਾਲਸਾ ਪੰਥ ਦੇ ਸਾਜਣ ਦੀ ਕਰਾਮਾਤ ਹੀ ਸੀ ਕਿ ਚਾਹੇ ਅੰਗਰੇਜ਼ ਸਰਕਾਰ ਨੇ ਧੋਖੇ ਨਾਲ ਗ਼ਦਾਰ ਡੋਗਰਿਆਂ ਨੂੰ ਨਾਲ ਰਲਾ ਕੇ ਪੰਜਾਬ ਤੇ, ਮਹਾਰਾਜਾ ਰਣਜੀਤ ਸਿੰਘ ਦੇ ਮਰਨ ਪਿਛੋਂ ਕਬਜ਼ਾ ਕਰ ਲਿਆ, ਪਰ ਓਹ ਇਥੇ ਰਾਜ ਨਹੀਂ ਕਰ ਸਕੇ।

ਖਾਲਸੇ ਦੀ ਬਹਾਦਰੀ ਅਤੇ ਸੂਰਮਗਤੀ ਦੇਖ ਕੇ ਕਨਿੰਘਮ ਤੇ ਮੈਕਾਲਿਫ ਵਰਗੇ ਅੰਗਰੇਜ਼ਾਂ ਤੋਂ ਇਸ ਦੇ ਗੁਣ ਗਾਉਣ ਤੋਂ ਰਹਿਆ ਨਹੀਂ ਗਿਆ। ਖਾਲਸੇ ਦੇ ਜੀਵਨ ਅਤੇ ਵਿਰਸੇ ਤੋਂ ਪ੍ਰਭਾਵਤ ਹੋ ਕੇ ਮੈਕਾਲਿਫ਼ ਨੇ ਆਪਣੀ ਉਚ-ਪੱਧਰੀ ਨੌਕਰੀ ਛੱਡ ਕੇ ਖਾਲਸੇ ਦੀ ਤਾਰੀਖ਼, ਗੁਰੂ ਸਾਹਿਬਾਨ ਦੇ ਜੀਵਨ ਅਤੇ ਗੁਰਬਾਣੀ ਦੇ ਅਰਥ ਅੰਗਰੇਜ਼ੀ ਵਿਚ ਲਿਖਣਾ ਹੀ ਜੀਵਨ ਦਾ ਸਭ ਤੋਂ ਵੱਡਾ ਲਾਹਾ ਸਮਝਿਆ। ਇਸੇ ਖਾਲਸੇ ਅਗੇ, ਉਸ ਵੱਡੀ ਅਤੇ ਤਾਕਤਵਰ ਅੰਗਰੇਜ਼ੀ ਸਰਕਾਰ ਨੂੰ, ਜਿਹੜੀ ਕਹਿੰਦੀ ਸੀ ਸਾਡੇ ਰਾਜ ਵਿਚ ਸੂਰਜ ਨਹੀਂ ਛਿਪਦਾ, ਹਾਰ ਮੰਨਣੀ ਪਈ ਸੀ ਅਤੇ ਗੁਰਦਵਾਰਿਆਂ ਦੀ ਆਜ਼ਾਦੀ ਦੀ ਲਹਿਰ ਸਮੇਂ ਅਕਾਲ ਤਖ਼ਤ ਪੇਸ਼ ਹੋ ਕੇ ਖਾਲਸੇ



www.AKJ.Org

ਨੂੰ ਦਰਬਾਰ ਸਾਹਿਬ ਦੀਆਂ ਚਾਬੀਆਂ ਭੇਟਾ ਕਰਨੀਆਂ ਪਈਆਂ ਸਨ। ਗੁਰਦਵਾਰਿਆਂ ਦੇ ਸਤਿਕਾਰ ਲਈ ਅਤੇ ਗੁਰਦਵਾਰਿਆਂ ਨੂੰ ਪੰਥਕ ਪ੍ਰਬੰਧ ਹੇਠ ਲਿਆਉਣ ਲਈ, ਜਿਨ੍ਹਾਂ ਉਤੇ ਸਰਬਰਾਹ ਅਤੇ ਮਹੰਤਾਂ ਰਾਹੀਂ ਅੰਗਰੇਜ਼ਾਂ ਨੇ ਕਬਜ਼ਾ ਕੀਤਾ ਹੋਇਆ ਸੀ, ਜੋ ਕੁਰਬਾਨੀਆਂ ਕੀਤੀਆਂ ਅਤੇ ਬਹਾਦਰੀਆਂ ਵਿਖਾਈਆਂ, ਉਹਨਾਂ ਨੂੰ ਦੁਨੀਆ ਸਦਾ ਯਾਦ ਕਰਦੀ ਰਹੇਗੀ।

ਇਸੇ ਸੂਰਮਗਤੀ ਨੂੰ ਵੇਖ ਕੇ ਹੀ ਸ੍ਰੀ ਮਦਨ ਮੋਹਨ ਮਾਲਵੀਆ ਨੇ ਕਿਹਾ ਸੀ ਕਿ ਹਰ ਘਰ ਵਿਚ ਪਹਿਲਾ ਪੁਤਰ ਸਿਖ ਬਣਾਉਣਾ ਚਾਹੀਦਾ ਹੈ ਅਤੇ ਮਹਾਤਮਾ ਗਾਂਧੀ ਨੇ ਤਾਰ ਦਿੱਤੀ ਸੀ, "ਹਿੰਦੁਸਤਾਨ ਦੀ ਜੰਗ-ਅਜ਼ਾਦੀ ਦੀ ਪਹਿਲੀ ਲੜਾਈ ਜਿਤ ਲਈ ਗਈ ਹੈ।"

ਸਿਖਾਂ ਨੂੰ ਧੋਖਾ ਦੇਣ ਵਾਲੇ ਅੰਗਰੇਜ਼ਾਂ ਦੇ ਦੇਸ਼ ਵਿਚ ਸੂਰਜ ਚੜ੍ਹੇ ਚਾਹੇ ਨਾਹ (ਵਲਾਇਤ ਵਿਚ ਧੁੰਧ ਆਮ ਹੀ ਰਹਿੰਦੀ ਹੈ), ਪਰ ਖਾਲਸਾ ਪੰਥ ਦੇ ਨਿਸ਼ਾਨ ਦੇ ਦਰਸ਼ਨ ਸੂਰਜ ਸਦਾ ਹੀ ਕਰਦਾ ਰਹਿੰਦਾ ਹੈ, ਕਿਉਂਕਿ ਅੱਜ ਗੁਰਦਵਾਰੇ ਸਾਰੀ ਧਰਤੀ ਦੇ ਦੁਆਲੇ ਬਣ ਚੁੱਕੇ ਹਨ। ਇਸਨੂੰ ਵਿਸ਼ਵ-ਕਰਾਂਤੀ ਕਹੋ ਜਾਂ ਕਰਾਮਾਤ। ਇਹ ਸੱਚ ਹੁਣ ਸਭ ਦੇ ਸਾਹਮਣੇ ਹੈ ਕਿ :-

੧. ਜਿਨ ਕੀ ਜਾਤ ਔਰ ਕੁਲ ਨਾਹੀਂ। ਸਰਦਾਰੀ ਨ ਭਈ ਕਦਾਈਂ॥
ਤਿਨ ਹੀ ਕੋ ਸਰਦਾਰ ਬਨਾਊਂ॥ ਤਬੈ ਗੋਬਿੰਦ ਸਿੰਘ ਨਾਮ ਕਹਾਊਂ॥
੨. ਇਨ ਗਰੀਬ ਸਿਖਨ ਕੋ ਦੂ ਪਾਤਸ਼ਾਹੀ॥ ਯਾਦ ਕਰੇਂ ਹਮਰੀ ਗੁਰਿਆਈ॥

ਵਿਸਾਖੀ ਦਾ ਦਿਨ ਮਨਾਉਣ ਪਿਛੋਂ ਵੀ ਸਾਨੂੰ ਇਸ ਵਿਸ਼ਵ ਦੀ ਅਨੋਖੀ,ਸੱਚੀ ਤੇ ਲਾਸਾਨੀ ਕਰਾਮਾਤ ਨੂੰ ਵੀਚਾਰਨਾ ਜ਼ਰੂਰੀ ਹੈ। ਇਸ ਦੀ ਨੀਂਹ ਗੁਰੂ ਨਾਨਕ ਦੇਵ ਜੀ ਨੇ ਰੱਖੀ। ਉਸ ਵੇਲੇ ਦੇ ਰਾਜੇ ਅਤੇ ਅਹਿਲਕਾਰ ਪਰਜਾ ਤੇ ਜ਼ੁਲਮ ਕਰਦੇ ਅਤੇ ਉਹਨਾਂ ਨੂੰ ਦੁੱਖੀ ਕਰਦੇ ਸਨ। ਓਹ ਸਮਾਜ ਦਾ ਵੱਡਾ ਰੋਗ ਬਣ ਚੁੱਕੇ ਸਨ। ਚਾਹੀਦਾ ਤਾਂ ਸੀ "ਰਾਜੇ ਚੁਲੀ ਨਿਆਵ ਕੀ," ਪਰ ਰਾਜੇ ਤੇ ਅਹਿਲਕਾਰ ਪੀ ਰਹੇ ਸਨ ਖ਼ੂਨ ਜਨਤਾ ਦਾ, ਸ਼ੇਰ ਤੇ ਬਘਿਆੜ ਬਣ ਕੇ-

ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨਿ੍ ਬੈਠੇ ਸੁਤੇ॥
ਚਾਕਰ ਨਹਦਾ ਪਾਇਨਿ੍ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ॥੨॥ (੨੨)
ਮਲਾਰ ਵਾਰ ਮ: ੧-੧੨੮੮

ਫ਼ਰਜ਼ ਬਣਦਾ ਸੀ, ਉਸ ਵੇਲੇ ਦੇ ਧਰਮ-ਆਗੂਆਂ ਦਾ ਕਿ ਰਾਜੇ ਨੂੰ ਮਾੜੇ ਕੰਮ ਤੋਂ ਰੋਕਦੇ ਅਤੇ ਜਨਤਾ ਨੂੰ ਸਾਹਸ ਦਿੰਦੇ। ਪਰ ਉਹਨਾਂ ਦੀ ਤਾਂ ਆਪਣੀ ਹਾਲਤ ਹੋਰ ਭੀ ਨਿਘਰੀ ਹੋਈ ਸੀ-

ਕਾਦੀ ਕੂੜੁ ਬੋਲਿ ਮਲੁ ਖਾਇ॥ ਬ੍ਰਾਹਮਣੁ ਨਾਵੈ ਜੀਆ ਘਾਇ॥
ਜੋਗੀ ਜੁਗਤਿ ਨ ਜਾਣੈ ਅੰਧੁ॥ ਤੀਨੇ ਓਜਾੜੇ ਕਾ ਬੰਧੁ॥੨॥ ਧਨਾਸਰੀ ਮ: ੧-੬੬੨

ਅਜਿਹੀ ਮਾੜੀ ਹਾਲਤ ਨੂੰ ਗੁਰੂ ਸਾਹਿਬ ਨੇ ਇਹਨਾਂ ਸ਼ਬਦਾਂ ਨਾਲ ਭੀ ਦਸਿਆ ਹੈ :-

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥੧॥ (੧੬)
ਸਲੋਕ ਮ: ੧-੧੪੫

ਕੂੜ ਦਾ ਅੰਧੇਰਾ ਦੂਰ ਕਰਨ ਲਈ ਸੱਚ ਦਾ ਚੰਦਰਮਾ ਜ਼ਰੂਰੀ ਸੀ। ਗੁਰੂ ਨਾਨਕ ਨੇ ਸੱਚ-ਚੰਦਰਮੇ ਦਾ ਰੂਪ ਧਾਰ ਕੇ ਇਸ ਧੁੰਧ ਨੂੰ ਦੂਰ ਕੀਤਾ-

ਸਤਿਗੁਰ ਨਾਨਕ ਪਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ॥੨੭॥ (੧) ਭਾਈ ਗੁਰਦਾਸ ਜੀ

ਸੱਚ ਦਾ ਪਹਿਲਾ ਪ੍ਰਕਾਸ਼ ਸੀ "ਨ ਕੋਈ ਹਿੰਦੂ ਨ ਮੁਸਲਮਾਨ"॥ ਬ੍ਰਾਹਮਣ ਤੇ ਹਿੰਦੂ ਝਗੜੇ ਵਿਚ ਫਸੇ



www.AKJ.Org

ਹੋਇ ਦੂਜੇ ਨੂੰ ਮਾੜਾ ਅਤੇ ਆਪਣੇ ਆਪ ਨੂੰ ਚੰਗਾ ਕਹਿੰਦੇ ਸਨ–

ਖੁਦੀ ਬਖੀਲੀ ਤਕਬਰੀ ਖਿੰਚੋਤਾਣ ਕਰੇਨਿ ਧਿਙਾਣ ॥
ਸਚੁ ਕਿਨਾਰੇ ਰਹਿ ਗਇਆ ਖਹਿ ਮਰਦੇ ਬ੍ਾਹਮਣ ਮੌਲਾਣੇ ॥੨੧॥ (੧) ਭਾਈ ਗੁਰਦਾਸ ਜੀ

ਗੁਰੂ ਸਾਹਿਬ ਨੇ ਸਮਝਾਇਆਂ ਕਿ ਦੋਨਾਂ ਨੂੰ ਸੁਭ ਅਮਲਾਂ ਕਰਕੇ ਹੀ ਲਾਭ ਮਿਲੇਗਾ–

ਪੁਛਨ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ ॥
ਬਾਬਾ ਆਖੇ ਹਾਜੀਆਂ ਸੁਭ ਅਮਲਾ ਬਾਝਹੁ ਦੋਨੋਂ ਰੋਈ ॥੩੨॥ (੧) ਭਾਈ ਗੁਰਦਾਸ ਜੀ

ਹਿੰਦੂ ਧਰਮ ਨੂੰ ਜਾਤ ਪਾਤ ਦੇ ਘੁਣ (ਜੋ ਖਾਲਸੇ ਨੂੰ ਭੀ ਲੱਗਣਾ ਸ਼ੁਰੂ ਹੋ ਗਿਆ ਹੈ) ਨੇ ਖਾ ਛੱਡਿਆ ਸੀ। ਇਸੇ ਕਰਕੇ ਹੀ ਬਦੇਸ਼ੀਆਂ ਦੀ ਗ਼ੁਲਾਮੀ ਦਾ ਦੁੱਖ ਭੋਗ ਰਿਹਾ ਸੀ–

ਜਾਤਿ ਕਾ ਗਰਬੁ ਨ ਕਰੀਅਹੁ ਕੋਈ ॥ ਬ੍ਰਹਮੁ ਬਿੰਦੇ ਸੋ ਬ੍ਾਹਮਣੁ ਹੋਈ ॥੧॥
ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥ ਇਸੁ ਜਾਤਿ ਤੇ ਚਲਹਿ ਬਹੁਤੁ ਵਿਕਾਰਾ ॥੧॥ਰਹਾਉ॥
ਭੈਰਉ ਮ: ੩–੧੧੨੮

ਪੂਜਹੁ ਰਾਮੁ ਏਕੁ ਹੀ ਦੇਵਾ ॥ ਸਾਚਾ ਨਾਵਣੁ ਗੁਰ ਕੀ ਸੇਵਾ ॥੧॥ਰਹਾਉ॥ ਆਸਾ ਕਬੀਰ ਜੀ–੪੮੪

ਗੁਰੂ ਜੀ ਨੇ ਤੀਰਥ-ਇਸ਼ਨਾਨ ਤੇ ਬਹੁ-ਦੇਵ ਪੂਜਾ–ਪਿਪਲ, ਸੱਪ,ਚੰਦ, ਸੂਰਜ ਆਦਿ ਤੋਂ ਛੁਡਾ ਕੇ ਇਕ ਪਰਮਾਤਮਾ–ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ਦੇ ਲੜ ਲਾਇਆ ਅਤੇ ਉਸ ਦਾ ਨਾਮ ਜਪਣ ਲਈ ਕਿਹਾ। ਅਜਿਹੇ ਮਨੁੱਖਾਂ ਨੂੰ "ਸੰਗਤ" ਕਹਿ ਕੇ ਸਤਿਕਾਰਿਆ। ਨਾਮ ਜਪਣ ਦੇ ਨਾਲ ਧਰਮ ਦੀ ਕਿਰਤ ਕਰਨੀ ਸਿਖਾਇਆ ਅਤੇ ਸਮਝਾਇਆ ਕਿ ਕਿਰਤ ਨਾਲ ਹੀ ਤਨ ਮਨ ਨਿਰਮਲ ਰੱਖਿਆ ਜਾ ਸਕਦਾ ਹੈ।

ਹਕੁ ਪਰਾਇਆ ਨਾਨਕਾ ਉਸੁ ਸੂਅਰੁ ਉਸੁ ਗਾਇ ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥੨॥ (੭)–੧੪੧
ਕੂੜੁ ਬੋਲਿ ਮੁਰਦਾਰੁ ਖਾਇ ॥ ਅਵਰੀ ਨੋ ਸਮਝਾਵਣਿ ਜਾਇ ॥੧॥ (੫) ਮਾਝ ਵਾਰ ੧–੧੪੦

ਧਰਮ ਦੀ ਕਿਰਤ ਕਰ ਕੇ, ਵੰਡ ਕੇ ਛੱਕਣਾ ਜ਼ਰੂਰੀ ਕਰ ਦਿੱਤਾ। ਜੇ ਦੂਜੇ ਮਨੁਖ ਲਈ ਪਿਆਰ ਦਇਆ ਨਹੀਂ, ਮਨੁਖ ਧਰਮੀ ਨਹੀਂ ਹੋ ਸਕਦਾ।

ਦਇਆ ਜਾਣੈ ਜੀਅ ਕੀ, ਕਿਛੁ ਪੁੰਨੁ ਦਾਨੁ ਕਰੇਇ ॥ ਵਾਰ ਆਸਾ ਮ: ੧–੪੬੪

ਇਕ ਸਰਬ-ਸਾਂਝੇ ਪ੍ਮਾਤਮਾ ਵਿਚ ਵਿਸ਼ਵਾਸ, ਉਸੇ ਦਾ ਨਾਮ ਜਪਣ, ਧਰਮ ਦੀ ਕਿਰਤ ਕਰਨ ਅਤੇ ਵੰਡ ਕੇ ਛੱਕਣ ਦੇ ਸਿਧਾਂਤ ਦਾ ਪਰਚਾਰ ਗੁਰੂ ਨਾਨਕ ਸਾਹਿਬ ਨੇ ਸਾਰੇ ਹਿੰਦੁਸਤਾਨ ਵਿਚ ਹੀ ਨਹੀਂ, ਸਗੋਂ ਅਰਬ, ਬਲੋਚਿਸਤਾਨ, ਅਫਗਾਨਿਸਤਾਨ, ਆਸਾਮ, ਬਰਮਾ, ਲੰਕਾ ਆਦਿ ਦੇਸ਼ਾਂ ਵਿਚ ਪੈਦਲ ਜਾ ਕੇ ਕੀਤਾ। ਦੂਸਰੇ ਗੁਰੂ ਸਾਹਿਬਾਨ ਨੇ ਇਸਨੂੰ ਹੋਰ ਪਰਚਾਰਿਆ ਅਤੇ ਵਿਸ਼ਾਲ ਕੀਤਾ।

ਸੰਗਤ ਦੀ ਪਹਿਲੀ ਪਉੜੀ ਪਿਛੋਂ ਪੰਗਤ ਭੀ ਜ਼ਰੂਰੀ ਕਰ ਦਿੱਤੀ ਗਈ–"ਪਹਿਲੇ ਪੰਗਤ ਪਾਛੈ ਸੰਗਤ" ਦੇ ਹੁਕਮ ਅਨੁਸਾਰ ਅਕਬਰ ਬਾਦਸ਼ਾਹ ਨੂੰ ਭੀ ਪੰਗਤ ਵਿਚ ਸਜ ਕੇ ਹੀ ਗੁਰੂ ਅਮਰਦਾਸ ਜੀ ਦੇ ਦਰਸ਼ਨ ਹੋ ਸਕੇ ਸਨ।

ਚੋਥੇ ਪਾਤਸ਼ਾਹ ਨੇ ਸਭ ਲਈ ਸਾਂਝਾ ਸਰੋਵਰ (ਅੰਮ੍ਰਿਤਸਰ) ਬਣਾਇਆ ਅਤੇ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਜੁਗੋ ਜੁਗ ਅਟੱਲ ਬਾਣੀ ਦੀ ਬੀੜ ਤਿਆਰ ਕੀਤੀ, ਜਿਸ ਵਿਚ ਗੁਰਬਾਣੀ ਦੇ ਨਾਲ ਨਾਲ ਮੁਸਲਮਾਨ ਅਤੇ ਛੋਟੀਆਂ ਹਿੰਦੂ ਜਾਤਾਂ ਦੇ ਭਗਤਾਂ ਦੀ ਬਾਣੀ ਭੀ ਚੜ੍ਹਾਈ ਗਈ। ਇਸ ਤਰ੍ਹਾਂ ਸਾਰੀ ਮਨੁਖਤਾ ਲਈ ਇਕ ਸਾਂਝਾ ਗੁਰੂ ਗਰੰਥ ਸਾਹਿਬ ਤਿਆਰ ਹੋ ਗਿਆ।

ਉਹਨਾਂ ਮਨੁਖਾਂ ਨੂੰ, ਜਿਨ੍ਹਾਂ ਦੇ ਪ੍ਰਛਾਵੇਂ ਤੋਂ ਭੀ ਉਚ ਜਾਤੀਏ ਦੂਰ ਰਹਿੰਦੇ ਸਨ, ਨੂੰ ਆਤਮਕ ਜੀਵਨ



www.AKJ.Org

ਦੇ ਕੇ, ਉਚ ਜਾਤੀਆਂ ਦੇ ਅੰਦਰੋਂ ਜਾਤਿ-ਅਭਿਮਾਨ ਕੱਢ ਕੇ, ਮੁਸਲਮਾਨ-ਹਿੰਦੂ ਦੇ ਝਗੜੇ ਨੂੰ ਮਿਟਾ ਕੇ ਗੁਰੂ ਸਾਹਿਬਾਨ ਨੇ, ਸੰਗਤ, ਪੰਗਤ, ਸਰੋਵਰ ਅਤੇ ਗੁਰੂ ਗਰੰਥ ਦੇ ਰਾਹ ਤੇ ਪਾਇਆ। ਜਿਸ ਦੀ ਅੰਤਲੀ ਪਉੜੀ ਸੀ ਗੁਰੂ ਖਾਲਸਾ ਪੰਥ। ਗੁਰ ਸੰਗਤ ਕੀਨੀ ਖਾਲਸਾ ਮਨਮੁਖੀ ਦੁਹੇਲਾ ॥

ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ ॥ ਭਾਈ ਗੁਰਦਾਸ ਜੀ

ਜਿਸ ਖਾਲਸਾ ਪੰਥ ਦੇ ਸੰਤ-ਸਿਪਾਹੀ ਦੀ ਭਰਤੀ ਗੁਰੂ ਨਾਨਕ ਸਾਹਿਬ ਨੇ ਆਰੰਭ ਕੀਤੀ ਸੀ ਉਸਨੂੰ ਗੁਰੂ ਸਾਹਿਬਾਨ ਨੂੰ ਪੂਰੀ ਟਰੇਨਿੰਗ ਦੇ ਕੇ ਦਸਵੇਂ ਜਾਮੇ ਵਿਚ ਕਮੀਸ਼ਨ ਦੇ ਕੇ (ਅੰਮ੍ਰਿਤ ਛਕਾ ਕੇ) ਅਕਾਲ ਪੁਰਖ ਦੀ ਫ਼ੌਜ ਦਾ ਸੰਤ-ਸਿਪਾਹੀ "ਸਿੰਘ" ਸਜਾ ਦਿੱਤਾ। ਨਾਲ ਹੀ ਉਸਨੂੰ ਪੰਜ ਕਕਾਰ ਦੀ ਵਰਦੀ ਭੀ ਬਖਸ਼ ਦਿਤੀ। ਦੁਨੀਆ ਦੀ ਸਭ ਤੋਂ ਵੱਡੀ ਕਰਾਮਾਤ ਇਸ ਖਾਲਸੇ ਦੀ ਘਾਲਣਾ ਹੈ, ਜਿਸਦਾ ਜਨਮ-ਦਿਨ ਅਸੀਂ ਹਰ ਸਾਲ ਵੈਸਾਖੀ ਨੂੰ ਮਨਾਉਂਦੇ ਹਾਂ।

ਇਸ ਗਿਆਨ ਦੇ ਹੁੰਦੇ ਹੋਏ ਬਹੁਤ ਲੋਕੀ ਅਜੇ ਭੀ ਅੰਧੇਰੇ ਵਿਚ ਠੇਡੇ ਖਾ ਰਹੇ ਹਨ। ਅਨਪੜ੍ਹਾਂ ਦਾ ਤਾਂ ਕੀ ਕਹਿਣਾ ਹੈ, ਕਈ ਪੜ੍ਹੇ ਲਿਖੇ ਹੁਣ ਭੀ ਮੰਨਦੇ ਹਨ ਕਿ ਚੰਦ ਤੇ ਸੂਰਜ ਨੂੰ ਰਾਹੂ ਕੇਤੂ ਰਾਖਸ਼ ਫੜ ਲੈਂਦੇ ਹਨ, ਜਿਸ ਕਰਕੇ ਗ੍ਰਹਿਣ ਲੱਗਦਾ ਹੈ। ਕਈ ਧਾਰਮਕ ਆਗੂ ਲੋਕਾਂ ਨੂੰ ਲੁਟਣ ਲਈ ਅਜੇ ਭੀ ਕਹੀ ਜਾਂਦੇ ਹਨ ਕਿ ਅਸਤੀਆਂ ਫ਼ਲਾਅ ਦਰਿਆ ਵਿਚ ਪਾ ਕੇ ਸਵਰਗਵਾਸ ਪ੍ਰਾਣੀ ਦੀ ਮੁਕਤੀ ਹੋ ਜਾਵੇਗੀ। ਉਸ ਨੂੰ ਭੁੱਖ ਤੋਂ ਬਚਾਉਣ ਲਈ ਉਸ ਦੇ ਨਮਿਤ ਸਰਾਧ ਕਰਨੇ ਚਾਹੀਦੇ ਹਨ। ਕਈਆਂ ਦਾ ਇਹ ਭਰਮ ਅਜੇ ਨਹੀਂ ਗਿਆ ਕਿ ਮਰੇ ਮਨੁੱਖਾਂ ਨੂੰ ਸਾੜਨਾ ਨਹੀਂ ਚਾਹੀਦਾ, ਸਗੋਂ ਧਰਤੀ ਵਿਚ ਦਬਾ ਦੇਣਾ ਚਾਹੀਦਾ ਹੈ ਤਾਂ ਕਿ ਅੰਤ ਵੇਲੇ ਓਹਨਾਂ ਦਾ ਇਸ਼ਟ ਓਹਨਾਂ ਨੂੰ ਜੀਉਂਦੇ ਕਰਕੇ ਸੁਰਗਾਂ ਵਿਚ ਲੈ ਜਾ ਸਕੇ।

ਜਿਉਂ ਜਿਉਂ ਦੁਨੀਆ ਸਾਇੰਸ ਦੇ ਚਾਨਣੇ ਵਿਚ ਤੁਰੇਗੀ, ਓਹ ਸਿਖ ਧਰਮ ਦੇ ਨੇੜੇ ਹੁੰਦੀ ਜਾਵੇਗੀ। ਹੁਣ ਪੱਛਮੀ ਫ਼ਿਲਾਸਫ਼ਰ ਭੀ ਇਸ ਗੱਲ ਤੇ ਸਹਿਮਤ ਹਨ ਕਿ ਜੇ ਕੋਈ ਧਰਮ ਸਾਰੀ ਮਨੁਖਤਾ ਅਪਣਾਅ ਸਕਦੀ ਹੈ ਤਾਂ ਓਹ ਕੇਵਲ ਸਿਖ ਧਰਮ ਹੈ।

**ਮਿਸ ਡੋਰੋਥੀ ਫ਼ੀਲਡ :–**

"ਸਿਖ ਧਰਮ ਕੇਵਲ ਹਿੰਦੁਸਤਾਨ ਦਾ ਹੀ ਨਹੀਂ, ਸਗੋਂ ਸਮਝੋ ਸਾਰੀ ਦੁਨੀਆ ਦਾ ਹੀ ਸਭ ਤੋਂ ਵੱਧ ਮਨ ਨੂੰ ਚੰਗਾ ਲੱਗਣ ਵਾਲਾ ਧਰਮ ਹੈ। ਇਸਨੂੰ ਹਿੰਦੂ ਧਰਮ ਦਾ ਸੁਧਰਿਆ ਰੂਪ ਨਹੀਂ ਕਿਹਾ ਜਾ ਸਕਦਾ। ਇਹ ਤਾਂ ਦੁਨੀਆ ਪੱਧਰ ਦਾ ਨਵਾਂ ਵਿਲੱਖਣ ਧਰਮ ਹੈ। ਜੋ ਕੁਝ ਇਸ ਧਰਮ ਨੇ ਥੋੜੇ ਸਮੇਂ ਵਿਚ ਕਰ ਵਿਖਾਇਆ ਹੈ, ਹੋਰ ਕਿਸੇ ਨਹੀਂ ਕੀਤਾ।"

**ਮਿਸਟਰ ਐਚ. ਐਲ. ਬਰੇਡਸ਼ਾਉ :–**

"ਸਿਖ ਧਰਮ ਵਿਸ਼ਵ ਧਰਮ ਹੈ ਅਤੇ ਸਾਰੀ ਮਨੁਖ ਜਾਤੀ ਲਈ ਹੈ। ਸਿਖਾਂ ਨੂੰ ਇਹ ਕੇਵਲ ਇਕ ਹੋਰ ਧਰਮ ਨਹੀਂ ਮੰਨਣਾ ਚਾਹੀਦਾ। ਅਸਲ ਵਿਚ ਇਹ ਨਵੇਂ ਜ਼ਮਾਨੇ ਦਾ ਧਰਮ ਹੈ। ਸਚਾਈ ਸਭ ਧਰਮਾਂ ਵਿਚ ਹੈ, ਪਰ ਪੂਰਨ ਸਚਾਈ ਸਿਖ ਧਰਮ ਅੰਦਰ ਹੈ। ਇਹ ਅੱਜ ਦੇ ਮਨੁਖ ਦੇ ਸਵਾਲਾਂ ਦੇ ਠੀਕ ਉਤਰ ਦੇ ਸਕਦਾ ਹੈ।"

ਜੇਕਰ ਖਾਲਸਾ ਧਰਮ ਅਸਲੀ ਰੂਪ ਵਿਚ ਦੁਨੀਆ ਸਾਹਮਣੇ ਆਵੇਗਾ, ਸਾਰੇ ਲੋਕ ਪਖੰਡਾਂ ਨੂੰ ਛੱਡ ਕੇ ਇਸਦੇ ਲੜ ਲੱਗਣ ਲੱਗ ਜਾਣਗੇ। ਬਹੁਤ ਸਾਰੀਆਂ ਪੱਛਮੀ ਯੂਨੀਵਰਸਿਟੀਆਂ ਨੇ ਅੰਗਰੇਜ਼ੀ ਪੜ੍ਹੇ ਸਿਖਾਂ ਦੀ ਭਾਲ ਸ਼ੁਰੂ ਕੀਤੀ ਹੈ, ਜੋ ਉਹਨਾਂ ਨੂੰ ਗੁਰਬਾਣੀ ਦਾ ਠੀਕ ਭਾਵ ਸਮਝਾ ਸੱਕਣ। ਅਫ਼ਸੋਸ ਇਹ ਹੈ ਕਿ "ਜਬ ਲਗ ਰਹੇ ਖਾਲਸਾ ਨਿਆਰਾ, ਤਬ ਲਗ ਤੇਜ ਦੀਓ ਮੈਂ ਸਾਰਾ" ਨੂੰ ਭੁੱਲ ਕੇ ਅਸੀਂ ਗ਼ਲਤੀ ਨਾਲ ਹਿੰਦੂ ਮਤ ਦੇ ਚੌਗਿਰਦੇ ਦੇ ਅਸਰ ਕਰਕੇ ਗੁਰਮਤਿ ਨੂੰ ਸੋਧਿਆ ਹਿੰਦੂ ਮਤ ਦਸਣਾ ਅਤੇ ਮੰਨਣਾ ਸ਼ੁਰੂ ਕਰ ਦਿੱਤਾ ਹੈ। ਬਹੁਤ ਸਾਰੇ ਹਿੰਦੂ ਕਰਮ-ਕਾਂਡ ਜਿਵੇਂ ਆਰਤੀ ਉਤਾਰਨੀ, ਬੁੱਤ-ਪੂਜਾ ਕਰਨੀ, ਅਗਨੀ ਪੂਜਾ ਆਦਿ ਹਿੰਦੂਆਂ ਦੀ ਰੀਸ ਸਿਖਾਂ ਨੇ ਭੀ ਕਰਨੀ ਸ਼ੁਰੂ ਕਰ ਦਿੱਤੀ ਹੈ। ਸਿਖ ਕਹਾਉਣ ਵਾਲੇ ਭੀ ਆਪਣੇ ਨਾਵਾਂ ਦੇ ਨਾਲ ਜਾਤ



www.AKJ.Org

ਗੋਤ ਲਿਖਣ ਲੱਗ ਪਏ ਹਾਂ। ਅੰਗਰੇਜ਼ਾਂ ਦੀ ਖਾਲਸੇ ਨੂੰ ਖ਼ਤਮ ਕਰਨ ਲਈ ਪਾਈ ਹੋਈ ਇਸ ਬੀਮਾਰੀ ਨੂੰ ਰੋਕਣ ਦੀ ਥਾਂ ਅਸੀਂ ਆਪਣੇ ਨਾਮ ਤੋਂ ਬਿਨਾਂ ਸਕੂਲਾਂ, ਕਾਲਜਾਂ ਤੇ ਗੁਰਦਵਾਰਿਆਂ ਨੂੰ ਭੀ ਇਹ ਬੀਮਾਰੀ ਜਾ ਚਮੇੜੀ ਹੈ। ਜਿਸ ਮਨੁਖ ਨੇ ਅੰਮ੍ਰਿਤ ਛੱਕ ਕੇ ਪਿਛਲਾ ਕਰਮ ਧਰਮ ਜਾਤ ਗੋਤ ਸਭ ਛੱਡ ਕੇ ਪਿਤਾ ਗੁਰੂ ਗੋਬਿੰਦ ਸਿੰਘ, ਮਾਤਾ ਸਾਹਿਬ ਕੌਰ, ਜਨਮ ਕੇਸਗੜ੍ਹ ਪਰਵਾਨ ਕਰ ਲਿਆ ਹੋਵੇ ਅਤੇ ਉਹ ਸਿੰਘ ਬਣ ਗਿਆ ਹੋਵੇ, ਉਸ ਪਿਛੋਂ ਗਿੱਲ, ਸੰਧੂ, ਛਾਬੜਾ, ਚੋਪੜਾ ਜਾਂ ਰਵਿਦਾਸੀਆ ਅਤੇ ਰਾਮਗੜ੍ਹੀਆ ਕਿਵੇਂ ਹੋ ਸਕਦਾ ਹੈ? ਇਸ ਜਾਤ ਪਾਤ ਦੇ ਕੈਂਸਰ ਤੋਂ ਬਚ ਕੇ ਹੀ ਅਸੀਂ ਖਾਲਸਾ ਪੰਥ ਵਿਚ ਸ਼ਾਮਲ ਹੋ ਸਕਦੇ ਹਾਂ।

ਜਿਸ ਵੇਲੇ ਗੁਰੂ ਮਹਾਰਾਜ ਦੀ ਬਾਣੀ ਤੇ ਖਾਲਸਾ ਬਾਣਾ ਸਹੀ ਸਰੂਪ ਵਿਚ ਸੂਝਵਾਨਾਂ ਤਕ ਪਹੁੰਚੇਗਾ, ਓਹ ਕਹਿ ਉਠਣਗੇ "**ਖਾਲਸਾ ਅੱਜ ਤੇਰੀ ਲੋੜ ਹੈ**", ਜਿਨ੍ਹਾਂ ਵਿਚੋਂ ਅਜਿਹੇ ਦੋ ਫ਼ਿਲਾਸਫਰਾਂ ਦੇ ਵੀਚਾਰ ਉਪਰ ਦਿਤੇ ਹਨ।

ਜਿਸ ਨਾਮ-ਅੰਮ੍ਰਿਤ ਨੇ ਆਤਮਕ ਮੌਤੇ ਮਰੀ ਹੋਈ ਮਨੁਖਤਾ ਨੂੰ ਜੀਵਾਲ ਕੇ ਜ਼ਾਲਮ ਰਾਜ ਦੀ ਜੜ੍ਹ ਉਖਾੜ ਦਿਤੀ ਸੀ, ਉਸ ਅੰਮ੍ਰਿਤ ਨੂੰ ਸਭ ਤਕ ਪਹੁੰਚਾਣਾ ਖਾਲਸੇ ਦੀ ਜ਼ਿਮੇਵਾਰੀ ਹੈ।

ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ ॥੧੩॥

ਅਨੰਦ ਸਾਹਿਬ–੯੧੮

ਗੁਰੂ ਸਾਹਿਬ ਤੋਂ ਪਹਿਲਾਂ, ਸਭ ਉਸ ਮਿਥਿਹਾਸਕ ਅੰਮ੍ਰਿਤ ਨੂੰ ਲੋਚਦੇ ਰਹੇ ਹਨ, ਜਿਸਦੇ ਪੀਣ ਨਾਲ ਮਨੁਖ ਦੀ ਮੌਤ ਨਾ ਹੋਵੇ। ਨਾ ਕੋਈ ਅਜਿਹਾ ਅੰਮ੍ਰਿਤ ਹੋਇਆ ਅਤੇ ਨਾ ਹੋਵੇਗਾ, ਕਿਉਂਕਿ ਇਹ ਕੁਦਰਤ ਦੇ ਅਸੂਲ ਦੇ ਉਲਟ ਹੈ–

"ਜੋ ਆਇਆ ਸੋ ਚਲਸੀ" (੪੭੪) ਅਤੇ "ਜੋ ਜਨਮੈ ਤਿਸੁ ਸਰਪਰ ਮਰਣਾ ॥" (੧੦੩੨)

ਅਭੰਗ ਅਤੇ ਅਮਰ ਤਾਂ ਕੇਵਲ ਪਰਮਾਤਮਾ ਹੈ।

ਗੁਰੂ ਸਾਹਿਬ ਨੇ ਸਾਡੀ ਆਤਮਾ ਨੂੰ ਜੀਵਾਲਣ ਵਾਲਾ ਅੰਮ੍ਰਿਤ ਬਖਸ਼ ਦਿੱਤਾ ਹੈ, ਜਿਸ ਦੀ ਕਰਾਮਾਤ ਸਾਰਾ ਵਿਸ਼ਵ ਮੰਨਣ ਲੱਗ ਪਿਆ ਹੈ। ਕੇਵਲ ਅਸੀਂ ਹੀ ਪਿਛੇ ਰਹਿੰਦੇ ਜਾ ਰਹੇ ਹਾਂ। ੧੯੮੨ ਦੀ ਵੈਸਾਖੀ ਇਕ ਹੋਰ ਲੰਘ ਗਈ ਹੈ, ਅੰਮ੍ਰਿਤ ਅਜੇ ਤਕ ਨਹੀਂ ਛੱਕਿਆ ਅਤੇ ਜੱਕੋ ਤੱਕੀ ਵਿਚ ਹੁਣ ਭੀ ਫਸੇ ਬੈਠੇ ਹਾਂ। ਇਹ ਮਾਨਸ ਜਨਮ ਸਫਲ ਕਰਨ ਲਈ, ਆਉ ਸਭੇ ਅੰਮ੍ਰਿਤ ਛਕ ਕੇ ਗੁਰੂ ਦੀ ਅਕਾਲੀ ਫ਼ੌਜ ਦੇ ਸੰਤ ਸਿਪਾਹੀ ਬਣ ਜਾਈਏ।

---


## ਭਾ: ਸਾ: ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | |
|---|---|
| ਗੁਰਮਤਿ ਨਾਮ ਅਭਿਆਸ ਕਮਾਈ | ੬–੫੦ |
| ਕੀ ਗੁਰੂ ਗ੍ਰੰਥ ਸਾਹਿਬਦੀ ਪੂਜਾ ਬੁੱਤ ਪ੍ਰਸਤੀ ਹੈ? | ੩–੭੫ |
| ਅਨਹਦ ਸ਼ਬਦ ਦਸਮ ਦੁਆਰ | ੬–੦੦ |
| ਗੁਰਮਤਿ ਕਰਮ ਫ਼ਿਲਾਸਫ਼ੀ | ੧੩–੫੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੫–੫੦ |
| ਸਚਖੰਡ ਦਰਸ਼ਨ | ੧–੭੫ |
| ਝਟਕਾ ਮਾਸ ਪ੍ਰਥਾਇ ਨਿਰਣੈ | ੪–੦੦ |
| ਗੁਰਮਤਿ ਰਮਜ਼ਾਂ | ੧–੩੦ |
| ਸਬਦੁ ਗੁਰ ਪੀਰਾ | ੦–੪੦ |
| ਕੀ ਕੇਸ ਰਖਣੇ ਜ਼ਰੂਰੀ ਹਨ? | ੦–੩੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦–੪੦ |
| ਵੈਸਾਖੀ ਦਾ ਖੂਨੀ ਸਾਕਾ ਤੇ ਸ਼ਹੀਦੀ ਜੀਵਨ | ੧–੫੦ |
| HAIR-A DIVINE GIFT | 0-40 |
| Dawn of Divine Wisdom | 0-75 |
| ਜੇਲ੍ਹ ਚਿਠੀਆਂ | ੧੫-੦੦ |
| ਅੰਮ੍ਰਿਤ ਕੀ ਹੈ? | ੧-੦੦ |
| ਗੁਰਮਤਿ ਲੇਖ | ੫–੫੦ |
| ਗੁਰਮਤਿ ਵਿਚਾਰ | ੫–੫੦ |
| ਗੁਰਮਤਿ ਪ੍ਰਕਾਸ਼ | ੩–੭੫ |
| ਉਮਰ ਕੈਦੀ ਦਾ ਸੁਪਨਾ | ੦–੪੦ |
| ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ੦–੪੦ |
| ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | ੦–੨੫ |
| ਗੁਰਬਾਣੀ ਦੀ ਪਾਰਸ ਕਲਾ | ੦–੪੦ |
| ਗੁਰਮਤਿ ਅਨਹਦ ਸ਼ਬਦ | ੦–੨੫ |
| ਜੀਵਨ ਚਰਿਤ੍ਰ ਭਾ ਰਣਧੀਰ ਸਿੰਘ ਜੀ | ੧-੦੦ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੦–੫੦ |




www.AKJ.Org

# ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ

[ਵਲੋਂ—ਸ: ਹਰਜੰਤ ਸਿੰਘ ਜੀ ਧਾਲੀਵਾਲ]

ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਤੋਂ ਹੀ ਗੋਇੰਦਵਾਲ ਵਿਖੇ ਗੁਰੂ ਕਾ ਲੰਗਰ ਚਲਦਾ ਵੇਖ ਕੇ ਅਭਿਮਾਨੀ ਬ੍ਾਹਮਣਾਂ ਤੇ ਖੱਤਰੀਆਂ ਨੇ ਗੁਰੂ-ਘਰ ਦੀ ਕਾਫ਼ੀ ਵਿਰੋਧਤਾ ਸ਼ੁਰੂ ਕਰ ਦਿਤੀ ਸੀ। ਇਹ ਵਿਰੋਧਤਾ ਇਥੋਂ ਤਕ ਵਧੀ ਕਿ ਸ਼ਾਹੀ ਦਰਬਾਰ ਦੇ ਕਈ ਕਰਮਚਾਰੀ ਵੀ ਇਸ ਵਿਚ ਸ਼ਾਮਲ ਹੋ ਗਏ। ਉਨ੍ਹਾਂ ਵਿਚੋਂ ਸਭ ਦਾ ਸਿਰਮੌਰ ਬੀਰਬਲ ਸੀ। ਬਾਦਸ਼ਾਹ ਅਕਬਰ ਦੇ ਇਨ੍ਹਾਂ ਬਥੇਰੇ ਕੰਨ ਭੱਰੇ ਅਤੇ ਸ਼ਿਕਾਇਤਾਂ ਕੀਤੀਆਂ, ਪਰ ਇਨ੍ਹਾਂ ਦੀ ਕੋਈ ਦਾਲ ਨਾ ਗਲੀ।

ਪਰ ਜਹਾਂਗੀਰ ਰੱਜ ਕੇ ਸ਼ਰਾਬੀ ਤੇ ਪਰਲੇ ਦਰਜੇ ਦਾ ਐਸ਼-ਪ੍ਰਸਤ ਸੀ। ਉਸ ਵਿਚ ਮਜ਼ਹਬੀ ਤਅੱਸਬ ਬਹੁਤ ਸੀ। ਜਹਾਂਗੀਰ ਨੇ ਰਾਜ-ਗਦੀ ਪ੍ਰਾਪਤ ਕਰਦੇ ਸਾਰ, ਈਰਖਾ ਦੀ ਅੱਗ ਵਿਚ ਅਕਬਰ ਦੇ ਬਹੁਤ ਸਾਰੇ ਸਿਆਣੇ ਨੀਤੀਵਾਨ ਦਰਬਾਰੀ ਇਸ ਲਈ ਕਤਲ ਕਰਵਾ ਦਿਤੇ ਕਿ ਉਹ ਉਸ ਦੇ ਪਿਤਾ ਨੂੰ ਹਮੇਸ਼ਾ ਗੁਮਰਾਹ ਕਰਦੇ ਰਹੇ ਹਨ। ਇਹ ਗਲਾਂ ਮੁਲਾਂ ਤੇ ਕਾਜ਼ੀਆਂ ਨੂੰ ਬਹੁਤ ਚੰਗੀਆਂ ਲਗੀਆਂ ਅਤੇ ਉਨ੍ਹਾਂ ਬਾਦਸ਼ਾਹ ਦੇ ਖ਼ੂਬ ਕੰਨ ਭਰੇ ਤੇ ਇਸਲਾਮ ਦੇ ਵਾਧੇ ਲਈ ਪ੍ਰੇਰਿਆ। ਜਹਾਂਗੀਰ' ਦੀਆਂ ਅਖਾਂ ਵਿੱਚ ਗੁਰੂ ਨਾਨਕ ਦਾ ਘਰ ਕੰਡੇ ਵਾਂਗ ਰੜਕਦਾ ਸੀ। ਉਹ ਸਮਝਦਾ ਸੀ ਕਿ ਇਹ ਨਾਨਕ-ਸ਼ਾਹੀ ਲਹਿਰ ਇਸਲਾਮ ਦੇ ਰਾਹ ਵਿਚ ਵਡੀ ਰੁਕਾਵਟ ਹੈ, ਜਿਸ ਨੂੰ ਉਹ ਹਰ ਜਾਇਜ਼ ਨਾਜਾਇਜ਼ ਢੰਗ ਨਾਲ ਰਾਹ ਤੋਂ ਹਟਾਉਣਾ ਚਾਹੁੰਦਾ ਸੀ। ਇਸ ਦਾ ਜ਼ਿਕਰ ਉਹ ਆਪਣੀ ਸਵੈ-ਜੀਵਨੀ 'ਤੁਜ਼ਕੇ ਜਹਾਂਗੀਰੀ' ਸਫਾ ੩੫ ਤੇ ਖ਼ੁਦ ਕਰਦਾ ਹੈ।

ਬ੍ਾਹਮਣ ਤੇ ਮੁਲਾਂ ਗੁਰੂ ਜੀ ਦੇ ਉਪਦੇਸ਼ ਦੇ ਉਲਟ ਸਨ ਅਤੇ ਬਾਬਾ ਪ੍ਰਿਥੀਚੰਦ, ਗੁਰੂ ਜੀ ਦਾ ਵੱਡਾ ਭਾਈ ਗੱਦੀ ਨਾ ਮਿਲਣ ਕਰਕੇ ਕਟੜ ਵਿਰੋਧੀ ਬਣ ਗਿਆ ਸੀ। ਇਨ੍ਹਾਂ ਦੇ ਨਾਲ ਹੀ ਚੰਦੂ* ਵੀ ਸ਼ਾਮਲ ਹੋ ਗਿਆ। ਉਸ ਦੀ ਲੜਕੀ ਦਾ ਰਿਸ਼ਤਾ ਬ੍ਾਹਮਣਾਂ ਨੇ ਗੁਰੂ ਘਰ ਵਿਚ ਲਭਾ ਤਾਂ ਉਸ ਕਿਹਾ ਕਿ 'ਤੁਸੀਂ ਚੁਬਾਰੇ ਦੀ ਇੱਟ ਮੋਰੀ ਨੂੰ ਲਾ ਆਏ ਹੋ।' ਸੰਗਤਾਂ ਨੇ ਗੁਰੂ ਘਰ ਦੀ ਇਹ ਨਿਰਾਦਰੀ ਬਰਦਾਸ਼ਤ ਨਾ ਕੀਤੀ। ਰਿਸ਼ਤਾ ਵਾਪਸ ਹੋ ਗਿਆ। ਚੰਦੂ ਵੀ ਕਟੜ ਵੈਰੀ ਬਣ ਗਿਆ।

ਰਾਜ-ਗਦੀ ਪ੍ਰਾਪਤੀ ਲਈ ਖ਼ੁਸਰੋ ਦੇ ਬਾਗ਼ੀ ਹੋ ਜਾਣ ਕਾਰਨ ਜਹਾਂਗੀਰ ਨੂੰ ਉਸ ਦਾ ਪਿਛਾ ਕਰਨਾ ਪਿਆ ਸੀ। ਉਸ ਨੇ ਖ਼ੁਸਰੋ ਦੇ ਹਮਾਇਤੀਆਂ ਨੂੰ ਚੁਣ ਚੁਣ ਕੇ ਸਖ਼ਤ ਸਜ਼ਾਵਾਂ ਦਿਤੀਆਂ ਸਨ। ਗੁਰੂ ਸਾਹਿਬ ਦੇ ਵਿਰੋਧੀਆਂ ਨੂੰ ਜਹਾਂਗੀਰ ਦੇ ਅਜਿਹੇ ਗੁੱਸੇ ਸਮੇਂ ਆਪਣੇ ਦਿਲ ਦੀ ਭੜਾਸ ਕਢਣ ਦਾ ਮੌਕਾ ਮਿਲ ਗਿਆ। ਉਨ੍ਹਾਂ ਬਾਦਸ਼ਾਹ ਨੂੰ ਯਕੀਨ ਕਰਾ ਦਿਤਾ ਕਿ ਖ਼ੁਸਰੋ ਨੂੰ ਪਨਾਹ ਤੇ ਸਹਾਇਤਾ ਠੀਕ ਗੁਰੂ ਅਰਜਨ ਦੇਵ ਨੇ ਹੀ ਦਿਤੀ ਹੈ।

ਤਿਲਕ ਲਾਉਣ ਦੀ ਝੂਠੀ ਕਹਾਣੀ ਮਨ-ਘੜਤ ਉਜ ਘੜ ਕੇ ਗੁਰੂ ਸਾਹਿਬ ਤੇ ਲਾਈ ਗਈ ਸੀ। ਗੁਰੂ ਘਰ ਦੀ ਇਹ ਮਰਯਾਦਾ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਚਲੀ ਆ ਰਹੀ ਹੈ ਕਿ ਤਿਲਕ ਗੁਰੂ ਸਾਹਿਬ ਆਪਣੇ ਜਾ-ਨਸ਼ੀਨ, ਭਾਵ ਜਿਹੜਾ ਸਤਿਗੁਰੂ ਜੀ ਤੋਂ ਬਾਅਦ ਗੁਰੂ ਹੋਵੇਗਾ, ਉਸ ਨੂੰ ਲਾਉਂਦੇ ਸਨ। ਗੁਰੂ ਦਰਬਾਰ ਵਿਚ ਅਕਬਰ ਬਾਦਸ਼ਾਹ ਤੇ ਹੋਰ ਕਈ ਰਾਜੇ ਦਰਸ਼ਨਾਂ ਨੂੰ ਆਉਂਦੇ ਰਹੇ, ਕਦੇ ਕਿਸੇ ਨੂੰ ਤਿਲਕ ਨਾ

*ਚੰਦੂ ਲਾਲ ਜ਼ਿਲਾ ਗੁਰਦਾਸਪੁਰ ਪਿੰਡ ਵਿਚ ਰੁਹੇਲੇ ਦਾ ਵਾਸੀ ਸੀ। ਅਮੀਰ ਘਰਾਣੇ ਦਾ ਹੋਣ ਕਰਕੇ ਫ਼ਾਰਸੀ ਅਤੇ ਹਿੰਦੂ ਸ਼ਾਸਤਰਾਂ ਦੀ ਵਿਦਿਆ ਦਾ ਚੰਗਾ ਜਾਣੂ ਸੀ ਤੇ ਸਮੇਂ ਦੀ ਮੁਗ਼ਲ ਬਾਦਸ਼ਾਹੀ ਦੇ ਰਾਜਸੀ ਕਾਨੂੰਨਾਂ ਬਾਰੇ ਕਾਫ਼ੀ ਵਾਕਫ਼ੀਅਤ ਰਖਦਾ ਸੀ। ਚੰਗੀ ਲਿਆਕਤ ਵਾਲਾ ਹੋਣ ਕਰਕੇ ਲਾਹੌਰ ਸੂਬੇ ਦੀ ਰਾਹੀਂ ਸਰਕਾਰੀ ਨੌਕਰੀ ਵਿਚ ਲੈ ਲਿਆ ਗਿਆ ਸੀ।



www.AKJ.Org

ਲਾਇਆ ਗਿਆ। ਸ਼ੋ ਖ਼ੁਸਰੋ ਨੂੰ ਤਿਲਕ ਲਾਉਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ।

ਪਰ ਇਨ੍ਹਾਂ ਗੁਰੂ-ਘਰ ਦੇ ਦੋਖੀਆਂ ਨੇ ਜਹਾਂਗੀਰ ਨੂੰ ਯਕੀਨ ਕਰਾ ਦਿਤਾ। ਅਤੇ ਇਕ ਥਾਂ ਹੋਰ ਆਪਣੀ ਜੀਵਨੀ ਵਿਚ ਆਪ ਲਿਖਦਾ ਹੈ ਕਿ "ਜਦੋਂ ਖ਼ੁਸਰੋ ਉਸ ਸੜਕੇ ਲੰਘਿਆ, ਜਿਥੇ ਅਰਜਨ ਨਾਮੇ ਹਿੰਦੂ ਰਹਿੰਦਾ ਸੀ, ਤਾਂ ਗੁਰੂ ਨੇ ਖ਼ੁਸਰੋ ਨਾਲ ਖ਼ਾਸ ਵਰਤਾਉ ਕੀਤਾ, ਮੱਥੇ ਕੇਸਰ ਦਾ ਨਿਸ਼ਾਨ ਕੀਤਾ, ਜਿਸ ਨੂੰ ਹਿੰਦੂ ਕਿਸਕਾ (ਤਿਲਕ) ਕਹਿ ਕੇ ਚੰਗਾ ਸ਼ਗਨ ਦਸਦੇ ਹਨ। ਜਦੋਂ ਇਹ ਖ਼ਬਰ ਮੇਰੇ ਕੰਨੀਂ ਪਈ, ਮੈਂ ਉਸ ਦਾ ਸਾਰਾ ਭਾਵ ਸਮਝ ਗਿਆ ਕਿ ਇਹ ਮੇਰੇ ਬਰਖਿਲਾਫ਼ ਇਕ ਖੁਲ੍ਹੀ ਬਗ਼ਾਵਤ ਹੈ। ਮੇਰੇ ਗੁੱਸੇ ਦੀ ਅੱਗ ਇੰਨੀ ਭੜਕ ਉਠੀ ਕਿ ਮੈਂ ਯਾਸ਼ਾ ਸ਼ਰੀਅਤ ਅਨੁਸਾਰ ਮਾਰ ਦੇਣ ਦਾ ਹੁਕਮ ਜਾਰੀ ਕਰ ਦਿਤਾ। ਉਸ ਦਾ ਘਰ ਬਾਰ ਲੁਟ ਲਿਆ ਜਾਵੇ ਤੇ ਇਸਲਾਮ ਦੇ ਦੁਸ਼ਮਨ ਨੂੰ ਸਦਾ ਲਈ ਖ਼ਤਮ ਕਰ ਦਿਤਾ ਜਾਵੇ।"

ਇਹ ਉਸ ਦੀ ਦੂਜੀ ਲਿਖਤ ਸਾਬਤ ਕਰਦੀ ਹੈ ਕਿ ਉਹ ਮਜ਼ਬੀ ਤੁਅੱਸਬ ਵਿਚ ਕਿੰਨਾ ਗ਼ਰਕ ਹੋ ਚੁਕਾ ਸੀ। ਉਹ ਕਾਜ਼ੀਆਂ ਮੁਲਾਣਿਆਂ, ਜਾਂ ਝੂਠੇ ਚੁਗਲ-ਖ਼ੋਰ ਮੁਖ਼ਬਰਾਂ ਪਾਸੋਂ ਸੰਤਾਂ ਮਹਾਤਮਾਂ ਬਾਰੇ ਝੂਠੀਆਂ ਗੱਲਾਂ ਸੁਣ ਕੇ ਅੱਗ ਬਗੋਲਾ ਹੋ ਜਾਂਦਾ ਸੀ, ਐਥੋਂ ਤਕ ਕਿ ਘਰ ਬਾਰ ਲੁਟਣ ਤੇ ਕਤਲ ਕਰਨ ਦੇ ਹੁਕਮ ਜਾਰੀ ਕਰ ਦਿੰਦਾ ਸੀ। ਇਹ ਜਹਾਂਗੀਰ ਦਾ ਬੇਹੂਦਾ ਜੋਸ਼ ਸੀ। ਇਸ ਮਜ਼ਬੀ ਜੋਸ਼ ਤੋਂ ਗੁਰੂ ਘਰ ਦੇ ਦੁਸ਼ਮਨਾਂ ਨੇ ਫ਼ਾਇਦਾ ਉਠਾ ਕੇ ਬਲਦੀ ਤੇ ਖ਼ੂਬ ਤੇਲ ਪਾਇਆ ਅਤੇ ਉਸ ਨੂੰ ਹੋਰ ਭੜਕਾਇਆ।

ਐਪਰ ਜਹਾਂਗੀਰ ਇਸ ਗੱਲ ਨੂੰ ਮੰਨਦਾ ਹੈ ਕਿ ਉਸ ਨੇ ਸਾਰੇ ਮਾਮਲੇ ਦੀ ਪੜਤਾਲ ਨਹੀਂ ਕੀਤੀ। ਜਦ ਉਹ ਇਹ ਖ਼ੁਦ ਲਿਖਦਾ ਹੈ ਤਾਂ ਉਸ ਪਾਸੋਂ ਇਨਸਾਫ਼ ਦੀ ਕੀ ਆਸ ਹੋ ਸਕਦੀ ਸੀ, ਜਿਸ ਨੇ ਸੁਣੀਆਂ ਗੱਲਾਂ ਤੇ ਇਤਬਾਰ ਕਰ ਕੇ ਸਭਯਤਾ-ਹੀਨ ਸ਼ਾਹੀ ਹੁਕਮ ਜਾਰੀ ਕਰ ਦਿੱਤਾ।

**ਵਿਚਾਰ ਦੀ ਗੱਲ–**

ਦਬਿਸਤਾਨੇ ਮਜ਼ਾਹਬ ਦਾ ਕਰਤਾ ਖ਼ਾਫ਼ੀ ਖ਼ਾਨ ਜਹਾਂਗੀਰ ਬਾਰੇ ਇਉਂ ਲਿਖਦਾ ਹੈ: "ਜਹਾਂਗੀਰ ਜਾਣਦਾ ਸੀ ਕਿ ਖ਼ੁਸਰੋ ਦੇ ਹਮੈਤੀਆਂ ਨੂੰ ਸਜ਼ਾਵਾਂ ਦਿੱਤੀਆਂ ਜਾ ਚੁਕੀਆਂ ਹਨ। ਪਰ ਤਖ਼ਤ ਹਾਸਲ ਕਰਨ ਵੇਲੇ ਉਸ ਨੇ ਕਾਜ਼ੀਆਂ ਨੂੰ ਇਹ ਬਚਨ ਦਿੱਤਾ ਸੀ ਕਿ ਉਹ ਇਸਲਾਮ ਦੀ ਰਾਖੀ ਕਰੇਗਾ। ਮਾਝੇ ਵਿਚ ਸਿੱਖ ਧਰਮ ਦਾ ਫ਼ੈਲਣਾ ਕਾਜ਼ੀਆਂ ਤੇ ਪੰਡਤਾਂ ਦੀਆਂ ਅੱਖਾਂ ਵਿਚ ਚੁਭ ਰਿਹਾ ਸੀ। ਉਹਨਾਂ ਦੀ ਰੋਟੀ ਦਾ ਸੁਆਲ ਸੀ। ਜਹਾਂਗੀਰ ਅਗੇ ਹੀ ਸਿੱਖ ਧਰਮ ਦਾ ਵੈਰੀ ਤੇ ਕਟੜ ਵਿਰੋਧੀ ਸੀ। ਉਹ ਕੋਈ ਬਹਾਨਾ ਢੂੰਡ ਰਿਹਾ ਸੀ ਕਿ ਮੈਂ ਕਿਵੇਂ ਗੁਰੂ ਸਾਹਿਬ ਨੂੰ ਹੱਥ ਪਾਵਾਂ। ਖ਼ੁਸਰੋ ਦੀ ਬਗ਼ਾਵਤ ਉਸ ਵਾਸਤੇ ਦਰਗਾਹੋਂ ਬਹਾਨਾ ਬਣ ਕੇ ਆਈ। ਜਹਾਂਗੀਰ ਨੇ ਇਸੇ ਗੱਲ ਨੂੰ ਮੁੱਖ ਰੱਖ ਕੇ (ਗੁਰੂ) ਅਰਜਨ (ਦੇਵ ਜੀ) ਦੀ ਗ੍ਰਿਫ਼ਤਾਰੀ ਦਾ ਹੁਕਮ ਦੇ ਦਿੱਤਾ।"

ਇਸੇ ਇਤਿਹਾਸਕਾਰ ਦੇ ਕਥਨ ਅਨੁਸਾਰ ਗੁਰੂ ਸਾਹਿਬ ਅੰਮ੍ਰਿਤਸਰ ਰਹਿੰਦੇ ਸਨ ਜਾਂ ਗੋਇੰਦਵਾਲ। ਉਹ ਜਹਾਂਗੀਰ ਨੂੰ ਝੂਠਾ ਕਰਦਾ ਹੈ ਕਿ ਉਸ ਦੀ ਇਸ ਕਰਤੂਤ ਨੇ ਇਸਲਾਮ ਦੇ ਨਾਂ ਤੇ ਕਾਲਾ ਧੱਬਾ ਲਾਇਆ ਹੈ।

ਇਹ ਗੱਲ ਇਤਿਹਾਸਕ ਤੌਰ ਤੇ ਉੱਕਾ ਹੀ ਨਿਰਮੂਲ ਹੈ। ਗੋਇੰਦਵਾਲ ਵਿਚ ਗੁਰੂ ਰਾਮਦਾਸ ਜੀ ਰਹੇ ਸਨ। ਉਹਨਾਂ ਦੇ ਜੋਤੀ-ਜੋਤਿ ਸਮਾਉਣ ਦੇ ਸਮੇਂ ਗੁਰੂ ਅਰਜਨ ਦੇਵ ਜੀ ਗੁਰੂ ਕੇ ਚੱਕ ਆ ਗਏ ਸਨ। ਸਿਰਫ਼ ਗੁਰੂ ਜੀ ਨੇ ਤਿਲਕ ਤੇ ਗੁਰ-ਗੱਦੀ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੋਇੰਦਵਾਲ ਦਿੱਤੀ ਸੀ। ਗੁਰੂ ਕੇ ਚੱਕ ਪੁੱਜ ਕੇ ਉਹਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਕਾਲੀ ਬਾਣੀ ਦਾ ਸੰਗ੍ਰਹਿ ਤੇ ਸ੍ਰੀ ਹਰਿਮੰਦਰ ਸਾਹਿਬ ਸਰੋਵਰ ਆਦਿਕ ਬਣਾਏ। ਸਭ ਹੀ ਇਤਿਹਾਸਕਾਰਾਂ ਨੇ ਗੁਰੂ ਜੀ ਦੀ ਗ੍ਰਿਫ਼ਤਾਰੀ ਅੰਮ੍ਰਿਤਸਰ ਤੋਂ ਹੀ ਲਿਖੀ ਹੈ। ਪਰ ਜਹਾਂਗੀਰ ਦੀ ਇਹ ਲਿਖਤ ਕਿ ਅਰਜਨ ਨਾਮੇ ਹਿੰਦੂ ਦਰਿਆਏ ਬਿਆਸ ਦੇ ਕਿਨਾਰੇ ਰਹਿੰਦਾ ਹੈ, ਸਿੱਧ ਕਰਦੀ



www.AKJ.Org

ਹੈ ਕਿ ਉਸ ਨੂੰ ਇਹ ਭੀ ਪਤਾ ਨਹੀਂ ਸੀ ਕਿ ਗੁਰੂ ਜੀ ਰਹਿੰਦੇ ਕਿੱਥੇ ਹਨ ? ਉਹ ਸੁਣੀਆਂ ਸੁਣਾਈਆਂ ਗੱਲਾਂ ਨੂੰ ਸੱਚ ਮੰਨ ਕੇ ਪਹਿਲੋਂ ਹੀ ਫ਼ੈਸਲੇ ਕਰ ਚੁਕਿਆ ਸੀ। ਇਹ ਸੀ ਅਦਲੇ-ਜਹਾਂਗੀਰ ਦੀ ਜ਼ੰਜੀਰ ਦੀ ਝਲਕੀ, ਜਿਹੜੀ ਕਿ ਤਵਾਰੀਖ਼ ਵਿਚ ਮਸ਼ਹੂਰ ਹੈ।

ਇਕ ਹੋਰ ਵਿਚਾਰ ਦੀ ਗੱਲ ! ਜਹਾਂਗੀਰ ਲਿਖਦਾ ਹੈ ਕਿ ਜਦੋਂ ਇਹ ਗੱਲ ਮੇਰੇ ਕੰਨੀਂ ਪਈ ਤਾਂ ਮੈਂ ਅਗੇ ਹੀ ਉਸ ਦੇ ਝੂਠ ਤੇ ਕੁਫ਼ਰ ਨੂੰ ਜਾਣਦਾ ਸਾਂ। ਮੈਂ ਹੁਕਮ ਦਿੱਤਾ ਕਿ ਅਰਜਨ ਨੂੰ ਗ੍ਰਿਫ਼ਤਾਰ ਕਰ ਕੇ ਮੇਰੇ ਸਾਹਮਣੇ ਪੇਸ਼ ਕੀਤਾ ਜਾਵੇ।

ਹੁਕਮ ਜਾਰੀ ਕਰਦਾ ਹੈ ਗੁਰੂ ਅਰਜਨ ਦੇਵ ਜੀ ਨੂੰ ਗ੍ਰਿਫ਼ਤਾਰ ਕਰ ਕੇ ਆਪਣੇ ਸਾਹਮਣੇ ਪੇਸ਼ ਕੀਤੇ ਜਾਣ ਦਾ, ਪਰ ਗੁਰੂ ਜੀ ਦੀ ਗ੍ਰਿਫ਼ਤਾਰੀ ਤੇ ਪੇਸ਼ੀ ਤੋਂ ਪਹਿਲਾਂ ਹੀ ਉਹਨਾਂ ਦਾ ਮਾਮਲਾ ਆਪਣੇ ਅਹਿਲਕਾਰ ਚੰਦੂ ਦੇ ਹਵਾਲੇ ਕਰ ਕੇ ਕਸ਼ਮੀਰ ਨੂੰ ਚਲਾ ਜਾਂਦਾ ਹੈ। ਪਿਛੇ ਜ਼ਿਕਰ ਆ ਚੁਕਾ ਹੈ ਕਿ ਯਾਸਾ ਦੀ ਰਸਮ ਚੰਦੂ ਨੂੰ ਚੰਗੀ ਤਰ੍ਹਾਂ ਪਤਾ ਸੀ। ਇਸੇ ਲਈ ਚੰਦੂ ਨੂੰ ਗੁਰੂ ਸਾਹਿਬ ਨੂੰ ਸਜ਼ਾ ਦੇਣ ਦਾ ਕੰਮ ਸੌਂਪਿਆ ਗਿਆ। ਉਸ ਨੂੰ ਤਾਂ ਗੁਰੂ ਜੀ ਨਾਲ ਅਗੇ ਹੀ ਵੈਰ ਸੀ।

**ਇਕ ਹੋਰ ਸਬੂਤ** : ਜਹਾਂਗੀਰ ੧੬ ਜੀਅੱਲ ਹੱਜ ਨੂੰ ਸਰਾਂ ਕਾਜ਼ੀ ਸੀ ਤੇ ੧੭ ਜੀਅੱਲ ਹੱਜ ਨੂੰ ਸੁਲਤਾਨਪੁਰ ਮੁਕਾਮ ਕਰਦਾ ਹੈ। ਦੁਪਹਿਰਾ ਉਥੇ ਕੱਟ ਕੇ ਗੋਇੰਦਵਾਲ ਆਉਂਦਾ ਹੈ। ਫੇਰ ਉਸੇ ਸੜਕ ਤੇ ਜੋ ਤਰਨ ਤਾਰਨ ਦੇ ਲਾਗਿਓਂ ਲਾਹੌਰ ਨੂੰ ਜਾਂਦੀ ਹੈ, ਲੰਘਦਾ ਹੈ। ੧੭ ਤੋਂ ਲੈ ਕੇ ੨੯ ਤਕ ਉਹ ਜੈਪਾਲ ਪਿੰਡ ਆਉਂਦਾ ਹੈ, ਜੋ ਲਾਹੌਰ ਤੋਂ ਸੱਤ ਕੋਹ ਉਰੇ ਹੈ। ਫੇਰ ਅਗਲੇ ਮਹੀਨੇ ਦੀ ੮ ਤਰੀਕ ਤਕ ਵੀ ਉਹ ਅਜੇ ਲਾਹੌਰ ਹੀ ਹੈ। ਜਹਾਂਗੀਰ ਆਗਰੇ ਤੋਂ ਤੁਰਦਾ ਹੈ ਖੁਸਰੋ ਦੀ ਪਕੜ ਲਈ। ਜੋ ਜੋ ਖ਼ਬਰਾਂ ਰਸਤੇ ਵਿਚ ਮਿਲਦੀਆਂ ਹਨ, ਉਹਨਾਂ ਦੇ ਅਧਾਰ ਤੇ ਦੋਸ਼ੀਆਂ ਨੂੰ ਸਜ਼ਾਵਾਂ ਤੇ ਖ਼ੁਸਰੋ ਦੇ ਦੁਸ਼ਮਨਾਂ ਨੂੰ ਇਨਾਮ ਦਿੰਦਾ ਚਲਾ ਆ ਰਿਹਾ ਹੈ। ਉਸ ਨੂੰ ਸੁਲਤਾਨਪੁਰ, ਗੋਇੰਦਵਾਲ, ਰਾਮਦਾਸ ਪੁਰੇ ਅਤੇ ਜੈਪਾਲ ਪਿੰਡ ਤਕ ੧੭ ਤੋਂ ੨੮ ਤਰੀਕ ਤਕ ਕਿਧਰੋਂ ਵੀ ਖ਼ਬਰ ਨਾ ਮਿਲੀ ਕਿ ਗੁਰੂ ਅਰਜਨ ਦੇਵ ਜੀ ਨੇ ਖੁਸਰੋ ਨੂੰ ਮੱਦਦ ਦਿੱਤੀ ਹੈ, ਜਾਂ ਖ਼ਾਸ ਵਰਤਾਉ ਕੀਤਾ ਹੈ, ਜਾਂ ਤਿਲਕ ਲਾ ਕੇ ਉਸ ਦੇ ਹੱਕ ਵਿਚ ਦੁਆ ਕੀਤੀ ਹੈ, ਜਾਂ ਰਸਤੇ ਦਾ ਖ਼ਰਚ ਦਿੱਤਾ ਹੈ। ਬਾਦਸ਼ਾਹ ੮ ਮੁਹੱਰਮ ਨੂੰ ਲਾਹੌਰ ਕਿਲ੍ਹੇ ਵਿਚ ਪ੍ਰਵੇਸ਼ ਕਰ ਕੇ ਖ਼ੁਸ਼ੀ ਦੇ ਨਗਾਰੇ ਵਜਾਉਂਦਾ ਹੈ। ੩ ਮੁਹੱਰਮ ੧੦੨੪ ਹਿਜਰੀ ਨੂੰ ਖੁਸਰੋ ਪਕੜਿਆ ਜਾਂਦਾ ਹੈ ਤੇ ਉਸ ਦੇ ਸਾਥੀਆਂ ਸਮੇਤ ਕਤਲ ਕਰ ਦਿੱਤਾ ਜਾਂਦਾ ਹੈ। ਇਸ ਸ਼ੋਰਸ਼ ਦੀ ਫ਼ਤਹ ਵਿਚ ਜਹਾਂਗੀਰ ਖ਼ੁਸ਼ੀਆਂ ਤੇ ਇਨਾਮ ਵੰਡ ਚੁਕਦਾ ਹੈ। ਮਾਨੋ ਸਾਰੀ ਬਗ਼ਾਵਤ ਖ਼ਤਮ ਹੋ ਗਈ ਹੈ। ਇਸ ਵੇਲੇ ਤਕ ਬਾਦਸ਼ਾਹ ਨੂੰ ਕਿਸੇ ਨੇ ਕੰਸੋਅ ਨਹੀਂ ਦਿੱਤੀ ਕਿ ਗੁਰੂ ਅਰਜਨ ਦੇਵ ਨੇ ਖੁਸਰੋ ਦੀ ਮੱਦਦ ਕੀਤੀ ਹੈ। ਪਰ ਅਸਚਰਜ ਵਾਲੀ ਗੱਲ ਹੈ ਕਿ ੮ ਮੁਹੱਰਮ ੧੦੨੪ ਤੋਂ ਬਾਅਦ ਬਾਦਸ਼ਾਹ ਨੂੰ ਇਹ ਗੱਲ ਕਿਵੇਂ ਉਗਮੀ ਕਿ ਗੁਰੂ ਜੀ ਨੇ ਖੁਸਰੋ ਦੀ ਮਦਦ ਕੀਤੀ ਹੈ।

ਮੁਲਕ ਵਿਚ ਕਹਿਰ ਦਾ ਮਾਰਸ਼ਲ-ਲਾ ਹੋਵੇ। ਬਾਦਸ਼ਾਹ ਖੁਸਰੋ ਦੇ ਹਮਾਇਤੀਆਂ ਨੂੰ ਬਲਦਾਂ ਤੇ ਖੋਤੇ ਦੀਆਂ ਖੱਲਾਂ ਵਿਚ ਮੜਵਾ ਮੜਵਾ ਮਾਰਦਾ ਹੋਵੇ। ਸਖ਼ਤੀ ਦਾ ਜ਼ੋਰ ਹੋਵੇ। ਕੀ ਇਹ ਅਸਚਰਜ ਕਰ ਦੇਣ ਵਾਲੀ ਗੱਲ ਨਹੀਂ ਕਿ ਜਹਾਂਗੀਰ ਨੂੰ ਗੁਰੂ ਜੀ ਦੀ ਮਦਦ ਜਾਂ ਮਿਲਾਪ ਦਾ ਪਤਾ ਹੀ ਨਾ ਲੱਗਾ। ਜਹਾਂਗੀਰ ਖ਼ੁਦ ਲੰਘਿਆ ਸੁਲਤਾਨਪੁਰ ਗੋਇੰਦਵਾਲ ਵਿਚ ਦੀ। ਉਹ ਸਾਰੇ ਮਾਝੇ ਨੂੰ ਲਿਤਾੜਦਾ ਹੋਇਆ ਲਾਹੌਰ ਪੁਜਦਾ ਹੈ। ਕਿਸੇ ਭੀ ਮੁਖ਼ਬਰ ਨੇ ਬਾਦਸ਼ਾਹ ਨੂੰ ਖ਼ਬਰ ਨਾ ਪਹੁੰਚਾਈ, ਜਦੋਂ ਕਿ ਗੁਰੂ ਜੀ ਦੇ ਦਵੈਖੀ ਪੰਡਤ ਮੁਲਾਂ ਮੌਜੂਦ ਸਨ। ਜੇਕਰ ਇਹ ਸੱਚ ਹੁੰਦਾ ਤਾਂ ਬਾਦਸ਼ਾਹ ਨੂੰ ਪੰਜਾਬ ਵੜਦਿਆਂ, ਜਾਂ ਵਿਚ ਦੀ ਲੰਘਦਿਆਂ ਜਾਂ ਐਨ ਮਾਝੇ ਵਿਚ ਆਇਆਂ ਜ਼ਰੂਰ ਕੋਈ ਨਾ ਕੋਈ ਬਾਦਸ਼ਾਹ ਦਾ ਹਮਾਇਤੀ ਇਸ ਮਿਲਣੀ ਦੀ ਖ਼ਬਰ ਕਰਦਾ। ਅਤੇ ਇਹ ਐਨ ਸੰਭਵ ਸੀ ਕਿ ਜਹਾਂਗੀਰ ਆਪਣਾ ਗੁੱਸਾ ਠੰਡਾ ਕਰ ਕੇ ਲਾਹੌਰ ਪੁਜਦਾ।



www.AKJ.Org

ਜਦੋਂ ਕਿ ਖੁਸਰੋ ਦੇ ਹੋਰ ਹਮਾਇਤੀਆਂ ਨੂੰ ਉਹ ਕਰੜੀ ਤੋਂ ਕਰੜੀ ਸਜ਼ਾ ਦੇ ਸਕਦਾ ਸੀ ਤਾਂ ਗੁਰੂ ਸਾਹਿਬ ਨੂੰ ਸਜ਼ਾ ਦੇਣ ਵਿਚ ਉਸ ਕਿਉਂ ਸੰਕੋਚ ਕਰਨਾ ਸੀ। ਬਾਦਸ਼ਾਹ ਕੋਈ ਭੁਲਾ ਹੋਇਆ ਨਹੀਂ ਸੀ ਕਿ ਗੁਰੂ ਜੀ ਕਿਥੇ ਰਹਿੰਦੇ ਹਨ। ਜਹਾਂਗੀਰ ੧੬ ਤ੍ਰੀਕ ਨੂੰ ਕਾਜ਼ੀ ਵਾਲੀ ਸਰਾਂ ਤੇ ੧੭ ਤ੍ਰੀਕ ਸ਼ਾਮ ਨੂੰ ਗੋਇੰਦਵਾਲ ਸੀ, ਉਸ ਵਕਤ ਵੀ ਕਿਸੇ ਨੇ ਨਾ ਦਸਿਆ ਕਿ ਗੁਰੂ ਜੀ ਖੁਸਰੋ ਨੂੰ ਮਿਲੇ ਹਨ।

ਅਸੀਂ ਹੁਣ ਸਹਿਜੇ ਹੀ ਇਸ ਸਿੱਟੇ ਤੇ ਪੁਜ ਜਾਂਦੇ ਹਾਂ ਕਿ ਖੁਸਰੋ ਦੀ ਮੱਦਦ ਕਰਨ ਵਾਲੀ ਗੱਲ ਇਕ ਮਨਘੜਤ ਹੈ। ਇਹ ਸੋਚ ਸਮਝ ਕੇ ਊਜ ਪਿਛੋਂ ਤਿਆਰ ਕੀਤੀ ਗਈ ਸੀ। ਗੁਰੂ ਸਾਹਿਬ ਨੇ ਨਾ ਤਾਂ ਖੁਸਰੋ ਦੀ ਰੁਪਏ ਪੈਸੇ ਨਾਲ ਮੱਦਦ ਕੀਤੀ, ਨਾ ਹੀ ਉਸ ਦੇ ਤਿਲਕ ਲਾਇਆ ਤੇ ਨਾ ਹੀ ਉਸ ਦੇ ਹੱਕ ਵਿੱਚ ਕੋਈ ਦੁਆ ਕੀਤੀ। ਇਸ ਦੇ ਉਲਟ ਇਹ ਸਹੀ ਤੇ ਸਿੱਧ ਗੱਲ ਹੈ ਕਿ ਖੁਸਰੋ ਵਿਚਾਰਾ ਗੁਰੂ ਜੀ ਨੂੰ ਮਿਲਿਆ ਹੀ ਨਹੀਂ ਅਤੇ ਨਾ ਹੀ ਇਸ ਦੀ ਪੁਸ਼ਟੀ ਲਈ ਕਿਸੇ ਹਿੰਦੂ ਜਾ ਮੁਸਲਮਾਨ ਲਿਖਾਰੀ ਦੀ ਲਿਖਤ ਕਿਧਰੋਂ ਮਿਲੀ ਹੈ।

ਵਿਚਾਰ ਵਾਲੀ ਗੱਲ ਹੈ ਕਿ ਗੁਰੂ ਪੰਚਮ ਪਾਤਿਸ਼ਾਹ ਪਾਸ ਕੋਈ ਫ਼ੌਜ ਸੀ, ਜੁ ਸਹਾਇਤਾ ਦਾ ਸੁਆਲ ਉਠਦਾ। ਇਹ ਸਭ ਨਿਜ ਸੁਆਰਥੀ ਚੰਦੂ ਤੇ ਪੰਡਤਾਂ ਮੁਲਾਣਿਆਂ ਦੀਆਂ ਮਨਘੜਤ ਗੱਲਾਂ ਸਨ ਜਿਨ੍ਹਾਂ ਨੇ ਕੰਨਾਂ ਦੇ ਕੱਚੇ ਬਾਦਸ਼ਾਹ ਦੇ ਮਜ਼੍ਹਬੀ ਸ਼ਰਹ ਦੀ ਫੂਕ ਮਾਰੀ ਤੇ ਭੜਕਾ ਦਿੱਤਾ ਕਿ ਹਿੰਦੂ ਸਿਖ ਬਣਦੇ ਜਾ ਰਹੇ ਹਨ ਅਤੇ ਇਸਲਾਮ ਨੂੰ ਕਾਫੀ ਖ਼ਤਰਾ ਹੋ ਰਿਹਾ ਹੈ। ਕਿਉਂਕਿ ਜਹਾਂਗੀਰ ਖੁਸਰੋ ਦੀ ਬਗ਼ਾਵਤ ਕਾਰਨ ਕਾਫ਼ੀ ਜ਼ਹਿਰ-ਅਲੂਦਾ ਹੋ ਕੇ ਕਹਿਰ ਗੁਜ਼ਾਰ ਰਿਹਾ ਸੀ, ਇਹਨਾਂ ਪਾਪੀ ਪੁਰਸ਼ਾਂ ਨੇ ਇਸ ਸਮੇਂ ਨੂੰ ਬਦਲਾ ਲੈਣ ਦੇ ਅਨਕੂਲ ਜਾਣਿਆ। ਉਹਨਾਂ ਸਮਝਿਆ ਕਿ ਹੁਣ ਬਾਦਸ਼ਾਹ ਲਾਹੌਰ ਹੈ,ਫੇਰ ਐਹੋ ਜਿਹਾ ਮੌਕਾ ਹੱਥ ਆਵੇ ਕਿ ਨਾ ਆਵੇ, ਤੇ ਝਟ ਬਾਦਸ਼ਾਹ ਦੇ ਪਾਸ ਚੰਦੂ ਤੇ ਮੁਲਾਣਿਆਂ ਨੇ ਚੁਗ਼ਲੀ ਕੀਤੀ ਕਿ ਗੁਰੂ ਅਰਜਨ ਦੇਵ ਜੀ ਨੇ ਖੁਸਰੋ ਦੀ ਮੱਦਦ ਕੀਤੀ ਹੈ। ਜਹਾਂਗੀਰ ਖ਼ੁਦ ਕਹਿੰਦਾ ਹੈ ਕਿ ਉਹ ਕਿਸੇ ਮੌਕੇ ਦੀ ਤਾੜ ਵਿੱਚ ਸੀ ਕਿ ਇਸ ਗੁਰੂ ਨੂੰ ਪਕੜ ਕੇ ਇਸਲਾਮ ਵਿੱਚ ਲੈ ਆਵਾਂ ਜਾਂ ਖ਼ਤਮ ਕਰ ਦਿਆਂ। ਉਹ ਇਸ ਸ਼ਿਕਾਇਤ ਨੂੰ ਸੁਣ ਕੇ ਬਹੁਤ ਹੀ ਖ਼ੁਸ਼ ਹੋਇਆ। ਉਹ ਖ਼ੁਦ ਕਹਿੰਦਾ ਹੈ ਕਿ ਖੁਸਰੋ ਦੀ ਬਗ਼ਾਵਤ ਇਸਲਾਮ ਦੇ ਸਭ ਰਸਤੇ ਸਾਫ਼ ਕਰਨ ਦਾ ਬਹਾਨਾ ਬਣ ਗਈ।

ਅਖ਼ੀਰਲੀ ਵਿਚਾਰ ਵਾਲੀ ਗੱਲ ਇਹ ਹੈ ਕਿ ਚਿਰ ਮਗਰੋਂ ਜਦੋਂ ਗੁਰੂ ਹਰਿ ਗੋਬਿੰਦ ਸਾਹਿਬ ਗਵਾਲੀਅਰ ਦੇ ਕਿਲ੍ਹੇ ਵਿਚੋਂ ਨਿਰਦੋਸ਼ ਸਮਝ ਕੇ ਛੱਡੇ ਗਏ ਤਾਂ ਜਹਾਂਗੀਰ ਚੰਦੂ ਨੂੰ ਗੁਰੂ ਸਾਹਿਬ ਦੇ ਹਵਾਲੇ ਕਰ ਦਿੰਦਾ ਹੈ। ਬੇਨਤੀ ਕੀਤੀ ਕਿ ਇਹ ਤੁਹਾਡਾ ਅਪਰਾਧੀ ਹੈ। ਆਪ ਜੋ ਚਾਹੋ ਸਜ਼ਾ ਦਿਉ। ਇਹ ਕਾਰਵਾਈ ਸਾਬਤ ਕਰਦੀ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਨਿਰਦੋਸ਼ਤਾ ਜਹਾਂਗੀਰ ਨੂੰ ਸਾਬਤ ਹੋ ਚੁਕੀ ਸੀ। ਇਸੇ ਕਰਕੇ ਚੰਦੂ ਨੂੰ ਦੋਸ਼ੀ ਠਹਿਰਾਇਆ ਗਿਆ।

ਉਸ ਸਮੇਂ ਦੀ ਹਕੂਮਤ ਦਾ ਇਕ ਰਿਵਾਜ ਸੀ ਕਿ ਦੋਸ਼ੀ ਨੂੰ, ਜਿਨ੍ਹਾਂ ਦਾ ਉਹ ਅਪਰਾਧੀ ਹੋਵੇ, ਉਹਨਾਂ ਦੇ ਹਵਾਲੇ ਕਰ ਦਿੰਦੇ ਸਨ ਜਦੋਂ ਕਿ ਕੋਈ ਬਹੁਤ ਵੱਡਾ ਪਾਪ ਤੇ ਅਤਿਆਚਾਰ ਹੋਇਆ ਹੋਵੇ। ਇਹ ਗੱਲ ਹੋਰ ਭੀ ਹੈਰਾਨ ਕਰਨ ਵਾਲੀ ਹੋ ਜਾਂਦੀ ਹੈ ਕਿ ਚੰਦੂ ਵਰਗਾ ਐਡਾ ਵੱਡਾ ਅਹਿਲਕਾਰ ਹੋਵੇ, ਤੇ ਉਸ ਨੂੰ ਦੋਸ਼ੀ ਠਹਿਰਾਇਆ ਜਾਵੇ, ਇਕ ਬਹੁਤ ਵੱਡੀ ਘਟਨਾ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨਿਰਦੋਸ਼ ਸਨ ਤੇ ਇਸ ਗੁਨਾਹੀ ਚੰਦੂ ਨੇ ਝੂਠ ਬੋਲ ਕੇ, ਝੂਠੀਆਂ ਊਜਾਂ ਲਾ ਕੇ ਮੇਰੇ ਪਾਸੋਂ ਇਕ ਨੇਕ ਬੰਦੇ ਨੂੰ ਮਰਵਾ ਦਿੱਤਾ। ਇਹ ਬਾਦਸ਼ਾਹ ਗੁਨਾਹ ਸਮਝਦਾ ਸੀ। ਉਹ ਖ਼ੁਦ ਲਿਖਦਾ ਹੈ ਕਿ ਜਦ ਮੈਨੂੰ ਇਹ ਪਤਾ ਲਗਾ ਕਿ ਵਹਿਸ਼ੀਆਨਾ ਤਸੀਹੇ ਦੇ ਕੇ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕੀਤਾ ਗਿਆ ਤਾਂ ਮੈਂ ਕੰਬ ਉੱਠਿਆ ਤੇ ਆਪਣੀ ਗ਼ਲਤੀ ਤਸਲੀਮ ਕੀਤੀ।

ਅਸਲ ਗੱਲ ਇਹ ਹੋਈ ਕਿ ਪੰਚਮ ਪਾਤਸ਼ਾਹ ਦੀ ਗ੍ਰਿਫ਼ਤਾਰੀ ਦੇ ਹੁਕਮ ਜਾਰੀ ਕਰ ਕੇ ਜਹਾਂਗੀਰ ਕਸ਼ਮੀਰ ਚਲਾ ਗਿਆ। ਪਿਛੋਂ ਪੰਚਮ ਪਾਤਸ਼ਾਹ ਦੇ ਲਾਹੌਰ ਪੁਜਣ ਤੇ ਮੁਰਤਜ਼ਾ ਖ਼ਾਨ ਨੇ ਗੁਰੂ ਸਾਹਿਬ ਨੂੰ



www.AKJ.Org

ਚੰਦੂ ਦੇ ਹਵਾਲੇ ਕਰ ਦਿੱਤਾ। ਚੰਦੂ ਨੇ ਉਹਨਾਂ ਨੂੰ ਆਪਣੇ ਘਰ ਲਿਜਾ ਕੇ ਕਹਿਰ ਦੇ ਤਸੀਹੇ ਦੇਣੇ ਸ਼ੁਰੂ ਕਰ ਦਿੱਤੇ। ਪਹਿਲੋਂ ਚੰਦੂ ਨੇ ਉਬਲਦੇ ਪਾਣੀ ਦੀ ਸੜਦੀ ਦੇਗ ਵਿਚ ਗੁਰੂ ਜੀ ਨੂੰ ਬਿਠਾਇਆ। ਅਗਲੇ ਦਿਨ ਉਹਨਾਂ ਦੇ ਪਿੰਡੇ ਤੇ ਸੜਦੀ ਤੱਤੀ ਰੇਤ ਪੁਆਈ ਗਈ। ਫੇਰ ਉਹਨਾਂ ਨੂੰ ਲੋਹ ਤੇ ਬਿਠਾ ਕੇ ਹੇਠਾਂ ਅੱਗ ਦੇ ਭਾਂਬੜ ਬਾਲੇ ਗਏ। ਸਤਿਗੁਰੂ ਜੀ ਦਾ ਸਰੀਰ ਛਾਲੇ ਛਾਲੇ ਹੋ ਕੇ ਛਾਨਣੀ ਛਾਨਣੀ ਹੋ ਗਿਆ। ਇਸ ਜ਼ੁਲਮ ਤੇ ਅਤਿਆਚਾਰ ਦੀ ਖ਼ਬਰ ਲਾਹੌਰ ਵਿੱਚ ਬਿਜਲੀ ਵਾਂਗ ਫੈਲ ਗਈ। ਲਾਹੌਰ ਵਿੱਚ ਇਕੋ ਇਕ ਵੱਲੀ ਅੱਲਾ ਗੁਰੂ ਸਾਹਿਬ ਦਾ ਦਰਦੀ ਫ਼ਕੀਰ ਸੀ, ਤੇ ਉਹ ਸੀ ਪੀਰ ਮੀਆਂ ਮੀਰ। ਉਸ ਨੂੰ ਖ਼ਬਰਾਂ ਪੁਜੀਆਂ ਤਾਂ ਵਾਹੋ-ਦਾਹੀ ਭੱਜਾ ਆਇਆ। ਸਤਿਗੁਰੂ ਜੀ ਦੇ ਉੱਤੇ ਹੋਏ ਜ਼ੁਲਮ ਨੂੰ ਦੇਖ ਕੇ ਮੀਆਂ ਮੀਰ ਦੇ ਅੰਦਰ ਕਾਤੀਆਂ ਚੱਲ ਗਈਆਂ। ਜਹਾਂਗੀਰ ਦਾ ਹੁਕਮ ਦੱਸ ਕੇ ਸਭ ਨੇ ਮੀਆਂ ਮੀਰ ਅਗੇ ਬੇਬੱਸੀ ਜ਼ਾਹਰ ਕੀਤੀ। ਸਤਿਗੁਰੂ ਜੀ ਦੀ ਪਰਤੱਖ ਬੇਮਿਸਾਲ ਕੁਰਬਾਨੀ ਦੇਖ ਕੇ ਮੀਆਂ ਮੀਰ ਦੀ ਸਾਂਝ, ਇਸ਼ਕ ਪਿਆਰ ਵਿੱਚ ਬਦਲ ਗਈ। ਇਸ ਤਰ੍ਹਾਂ ਲਾਹੌਰ ਨਿਵਾਸੀਆਂ ਦੇ ਦਿਲਾਂ ਦਾ ਪਾਤਸ਼ਾਹ ਉਹਨਾਂ ਦੇ ਸ਼ਹਿਰ ਵਿਚ ਕੋਹ ਕੋਹ ਕੇ ਸ਼ਹੀਦ ਕੀਤਾ ਗਿਆ।

ਇਹ ਸਾਕਾ ਜਦੋਂ ਵਰਤਿਆ ਉਦੋਂ ਸੰਮਤ ੧੬੬੩ ਦੇ ਹਾੜ ਦੇ ਮਹੀਨੇ ਦੀ ਪਹਿਲੀ ਤਰੀਕ ਸੀ ਤੇ ਚੰਦਰਮਾ ਦੇ ਹਿਸਾਬ ਨਾਲ ਜੇਠ ਸੁਦੀ ਚੌਥ ਸੀ, ਭਾਵ ਮੱਸਿਆ ਤੋਂ ਚੌਥਾ ਦਿਨ। ਉਦੋਂ ਈਸਵੀ ਸੰਨ ੧੬੦੬ ਤੇ ਮਈ ਦੀ ੩੦ ਤਰੀਕ ਸੀ। ਹਿਜਰੀ ੧੦੨੫ ਸੀ।

---

# ਸਮੇਂ ਦੀ ਅਵਾਜ਼

[ਸ: ਓਅੰਕਾਰ ਬਖਸ਼ ਸਿੰਘ, ੫੦੦-ਮਾਡਲ ਟਾਊਨ, ਲੁਧਿਆਣਾ]

ਜਾਗ ਜਾਗ ਓ ਜਵਾਨਾ, ਜਾਗ ਜਾਗ ਓ ਜਵਾਨਾ।
ਹੁਣ ਚਾਹੇ ਜ਼ਮਾਨਾ, ਤੈਨੂੰ ਫੇਰ ਅਜ਼ਮਾਨਾ।

ਤੇਰੀ ਨੀਂਦ ਦੇ ਪੁਆੜੇ, ਹਨ ਸਭੇ ਚੰਦ ਚਾੜ੍ਹੇ।
ਐਵੇਂ ਮਾਰ ਨਾ ਘੁਰਾੜੇ, ਨੀਂਦਰ ਦੇ ਗਾਹੜੇ।
ਐਵੇਂ ਕਰ ਨਾ ਬਹਾਨਾ, ਨਹੀਂ ਸੌਣ ਦਾ ਜ਼ਮਾਨਾ। ਜਾਗ ਜਾਗ ... ...

ਫਾਹਾ ਫ਼ੈਸ਼ਨਾਂ ਦਾ ਵਢ, ਬੇ-ਅਦਬੀ ਨੂੰ ਛਡ।
ਦਿਲੋਂ ਮਨਮਤ ਕੱਢ, ਝੂਠੇ ਧੰਦੇ ਸਭ ਛਡ।
ਕਰ ਸੱਚਾ ਪਰਚਾਰ, ਨਹੀਂ ਢਿਲ ਦਾ ਜ਼ਮਾਨਾ। ਜਾਗ ਜਾਗ ... ..

ਕਾਤਲ ਸਿਖੀ ਦਾ ਨਾ ਬਣ, ਰਖ ਸਿਖੀ ਵਿਚ ਮਨ।
ਖਾਸ ਰੂਪ ਗੁਰੂ ਬਣ, ਕਰ ਗੁਰੂ ਧੰਨ ਧੰਨ।
ਨਹੀਂ ਸੱਚੇ ਗੁਰੂ ਬਿਨਾਂ, ਤੇਰਾ ਹੋਰ ਥਾਂ ਟਿਕਾਨਾ। ਜਾਗ ਜਾਗ ... ...

ਦਿਤਾ ਸਰਬੰਸ ਵਾਰ, ਤਾਂ ਤੂੰ ਬਣਿਆ ਸਰਦਾਰ।
ਨਾ ਸ਼ਹੀਦਾਂ ਨੂੰ ਤੂੰ ਭੁਲ, ਪਏ ਸਿਰਾਂ ਦੇ ਸੀ ਮੁਲ।
ਹੋ ਕੇ ਸ਼ੁਕਰ-ਗੁਜ਼ਾਰ, ਨਾ ਤੰ ਭੁਲ ਉਹ ਜ਼ਮਾਨਾ। ਜਾਗ ਜਾਗ ... ...

ਸੱਚਾ ਬਣ ਤੂੰ ਦੁਲਾਰਾ, ਲੈ ਕੇ ਗੁਰੂ ਦਾ ਸਹਾਰਾ।
ਐਵੇਂ ਢਾਹ ਨਾ ਤੂੰ ਢੇਰੀ, ਝੁਲ ਵਾਂਗ ਤੂੰ ਹਨੇਰੀ।
ਜਾਗ ਜਾਏ ਕੌਮ ਤੇਰੀ, ਹੈ ਤੂੰ ਕੌਮ ਨੂੰ ਜਗਾਨਾ।

ਜਾਗ ਜਾਗ ਓ ਜਵਾਨਾ, ਜਾਗ ਜਾਗ ਓ ਜਵਾਨਾ।
ਹੁਣ ਚਾਹੇ ਜ਼ਮਾਨਾ, ਤੈਨੂੰ ਫੇਰ ਅਜ਼ਸਾਨਾ।

www.AKJ.Org

# ਬਦਲਤਾ ਹੈ ਰੰਗ ਆਸਮਾਂ ਕੈਸੇ ਕੈਸੇ !

[ਭਾਈ ਸਾਹਿਬ ਭਾਈ ਰਾਮ ਸਿੰਘ ਜੀ, ਸੁਕੈਡਰਨ ਲੀਡਰ (ਰੀ:), ਸ੍ਰੀ ਅੰਮ੍ਰਿਤਸਰ]

ਕਦੇ ਉਹ ਸਮਾਂ ਹੈ ਕਿ ਇਨਸਾਨ ਇਨਸਾਨ ਨੂੰ ਲੁੱਟ ਕੇ ਖਾ ਰਿਹਾ ਹੈ, ਇਨਸਾਨ ਇਨਸਾਨ ਨੂੰ ਤਲ ਕੇ ਖਾ ਰਿਹਾ ਹੈ, ਇਨਸਾਨ ਇਨਸਾਨ ਨੂੰ ਗੁਲਾਮ ਬਣਾ ਕੇ ਵੇਚ ਰਿਹਾ ਹੈ, ਹਰ ਪਾਸੇ ਪਾਪ ਅਤੇ ਜਬਰ ਦਾ ਪਸਾਰਾ ਹੈ। 'ਜਿਸ ਦੀ ਲਾਠੀ ਉਸ ਦੀ ਭੈਂਸ' ਵਾਲਾ ਸਮਾਂ ਹੈ। ਸਾਰਾ ਸੰਸਾਰ ਅੰਦਰੂਨੀ ਅੱਗ ਵਿੱਚ ਸੜ ਰਿਹਾ ਹੈ। ਚਾਰੋਂ ਪਾਸੇ ਹਾਹਾਕਾਰ ਮੱਚੀ ਹੋਈ ਹੈ।

ਫਿਰ ਉਹ ਸਮਾਂ ਆਉਂਦਾ ਹੈ ਕਿ ਕਲਜੁਗ ਦੇ ਅਵਤਾਰ ਗੁਰੂ ਨਾਨਕ ਸਾਹਿਬ ਜੀ ਪਰਗਟ ਹੁੰਦੇ ਹਨ। ਲੁਟੇਰਿਆਂ ਨੂੰ ਸੁਮੱਤ ਬਖਸ਼ਦੇ ਹਨ, ਜ਼ਾਲਮਾਂ ਅਤੇ ਰਾਖਸ਼ਾਂ ਨੂੰ ਸਿੱਧੇ ਰਸਤੇ ਪਾਉਂਦੇ ਹਨ ਅਤੇ ਸੰਸਾਰੀਆਂ ਨੂੰ ਧਰਮ ਦੀ ਕਿਰਤ ਵਿਰਤ ਕਰ ਕੇ ਵੰਡ ਛਕਣ ਦਾ ਉਪਦੇਸ਼ ਦੇਂਦੇ ਹਨ। ਲੋਕ ਰਲ ਮਿਲ ਕੇ ਬੈਠਣ ਅਤੇ ਇੱਕ ਦੂਜੇ ਨਾਲ ਦੁੱਖਾਂ ਸੁੱਖਾਂ ਦੀ ਸਾਂਝ ਰੱਖਣ ਲਗ ਪੈਂਦੇ ਹਨ।

ਸਮਾਂ ਥੋੜਾ ਹੋਰ ਅੱਗੇ ਵਧਦਾ ਹੈ। ਮੁਗ਼ਲ ਰਾਜ ਦੇ ਬਾਬਰ ਅਤੇ ਅਕਬਰ ਜੈਸੇ ਬਾਦਸ਼ਾਹ ਗੁਰੂ ਨਾਨਕ ਸਾਹਿਬ ਜੀ ਦੇ ਦਰਬਾਰ ਵਿੱਚ ਹੱਥ ਜੋੜ ਕੇ ਅਰਦਾਸਾਂ ਕਰਦੇ ਦਿਖਾਈ ਦੇਂਦੇ ਹਨ, ਮੂੰਹ-ਮੰਗੀਆਂ ਮੁਰਾਦਾਂ, ਬਖਸ਼ਿਸ਼ਾਂ ਦੇ ਦਰ ਤੋਂ ਪਾਉਂਦੇ ਹਨ ਅਤੇ ਗੁਰੂ ਘਰ ਦੇ ਨਾਂ ਖੁੱਲ੍ਹੀਆਂ ਜ਼ਮੀਨਾਂ ਦੇ ਪੱਟੇ ਲਿਖਦੇ ਹਨ।

ਜ਼ਮਾਨਾ ਥੋੜੀ ਹੋਰ ਕਰਵਟ ਬਦਲਦਾ ਹੈ। ਇਨ੍ਹਾਂ ਹੀ ਬਾਦਸ਼ਾਹਾਂ ਦੀ ਔਲਾਦ ਗੁਰੂ ਅਰਜਨ ਦੇਵ ਜੀ ਨੂੰ ਉਬਲਦੇ ਪਾਣੀ ਵਿੱਚ ਅਤੇ ਤੱਤੀ ਲੋਹ ਉੱਤੇ ਬਿਠਾਂਦੀ ਹੈ ਅਤੇ ਸੀਸ ਉੱਪਰ ਤੱਤੀ ਰੇਤ ਪਾਉਣ ਦਾ ਕਹਿਰ ਕਮਾਂਦੀ ਹੈ ; ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸ਼ਹੀਦ ਕਰਦੀ ਹੈ ਅਤੇ ਗੁਰੂ ਦੇ ਸਿੱਖਾਂ ਨੂੰ ਪਰਲੇ ਦਰਜੇ ਦੇ ਤਸੀਹੇ ਦੇ ਕੇ ਪਾਰ ਬੁਲਾਉਂਦੀ ਹੈ। ਹਿੰਦੂਆਂ ਦੇ ਜਨੇਊ ਉਤਾਰੇ ਜਾਂਦੇ ਹਨ। ਜੇਹੜੇ ਇਸਲਾਮ ਕਬੂਲ ਨਹੀਂ ਕਰਦੇ ਉਨ੍ਹਾਂ ਨੂੰ ਤਹਿ-ਤੇਗ ਕੀਤਾ ਜਾ ਰਿਹਾ ਹੈ, ਘਰ ਲੁੱਟੇ ਜਾ ਰਹੇ ਹਨ, ਸੁੰਦਰ ਇਸਤ੍ਰੀਆਂ ਖੋਹੀਆਂ ਜਾ ਰਹੀਆਂ ਹਨ। ਫ਼ਰਿਆਦ ਸੁਣਨ ਵਾਲਾ ਕੋਈ ਰਿਹਾ ਨਹੀਂ।

ਸਮਾਂ ਕੁਝ ਹੋਰ ਅੱਗੇ ਵਧਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਟੇਜ ਸੰਭਾਲਦੇ ਹਨ। ਖੰਡੇ ਦਾ ਅੰਮ੍ਰਿਤ ਛਕਾ ਕੇ ਖਾਲਸਾ ਸਾਜਦੇ ਹਨ। ਹਿੰਦੂ ਧਰਮ ਦੇ ਦੋਖੀਆਂ ਨੂੰ ਚੰਗੀ ਤਰ੍ਹਾਂ ਸੋਧਦੇ ਹਨ। ਇਨ੍ਹਾਂ ਬਾਰੇ ਭਾਈ ਗੁਰਦਾਸ ਜੀ (ਦੂਜੇ) ਲਿਖਦੇ ਹਨ :—

ਗੁਰ ਗੋਬਿੰਦ ਸਿੰਘ ਪ੍ਰਗਟਿਓ, ਦਸਵਾਂ ਅਵਤਾਰਾ।...
ਨਿਜ ਪੰਥ ਚਲਾਇਓ ਖਾਲਸਾ, ਧਰਿ ਤੇਜ ਕਰਾਰਾ।...
ਯੋਂ ਉਪਜੇ ਸਿੰਘ ਭੁਜੰਗੀਏ, ਨੀਲੰਬਰ ਧਾਰਾ।
ਤੁਰਕ ਦੁਸ਼ਟ ਸਭ ਛੈ ਕੀਏ, ਹਰਿਨਾਮ ਉਚਾਰਾ।...
ਗਹਿ ਐਸੇ ਖੜਗ ਦਿਖਾਇਅਨ, ਕੋ ਸਕੈ ਨਾ ਝੇਲਾ।
ਵਾਹ ਵਾਹ ਗੋਬਿੰਦ ਸਿੰਘ, ਆਪੇ ਗੁਰੁ ਚੇਲਾ।

ਧੰਨ ਲਾਸਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀਓ ! ਜਿਨ੍ਹਾਂ ਨੇ ਖੰਡੇ ਦੀ ਪਾਹੁਲ ਛਕਾ ਕੇ ਭੇਡਾਂ ਤੋਂ ਸ਼ੇਰ ਬਣਾ ਦਿੱਤੇ। ਖਾਲਸਾ ਪੰਥ ਪਰਗਟ ਹੁੰਦਾ ਹੈ। ਧਰਮ ਯੁਧ ਹੁੰਦੇ ਹਨ। ਬੰਦਾ ਸਿੰਘ ਬਹਾਦਰ ਜੈਸੇ ਜਰਨੈਲ ਮੈਦਾਨ ਵਿੱਚ ਆ ਨਿਤਰਦੇ ਹਨ। ਧਰਮ ਦੀ ਜੈ ਜੈਕਾਰ ਹੁੰਦੀ ਹੈ। ਅਸਮਾਨ ਅਕਾਲ ਅਕਾਲ ਦਿਆਂ ਨਾਹਰਿਆਂ ਨਾਲ ਗੂੰਜ ਉੱਠਦਾ ਹੈ। ਹਿੰਦੂਆਂ ਨੂੰ ਸੁਖ ਦਾ ਸਾਹ ਆਉਂਦਾ ਹੈ। ਹਿੰਦੂ ਖਾਲਸੇ ਦੇ ਰਿਣੀ ਹੁੰਦੇ ਹਨ।

ਸਮਾਂ ਫਿਰ ਪਲਟਾ ਖਾਂਦਾ ਹੈ। ਖਾਲਸੇ ਵਿੱਚ ਫੁੱਟ ਆ ਸਿਰ ਚੁੱਕਦੀ ਹੈ। ਤੁਰਕ ਸਰਕਾਰ ਅਤੇ ਕੁਝ



www.AKJ.Org

ਸਿਰ-ਕੱਢਵੇਂ ਹਿੰਦੂ ਸਰਕਾਰ ਨਾਲ ਮਿਲ ਕੇ ਖਾਲਸੇ ਨੂੰ ਮਾਰ ਮੁਕਾਉਣ ਤੇ ਲੱਕ ਬੰਨ੍ਹ ਲੈਂਦੇ ਹਨ। ਸਿੰਘਾਂ ਦੀ ਕਤਲੇ-ਆਮ ਸ਼ੁਰੂ ਹੋ ਜਾਂਦੀ ਹੈ। ਖਾਲਸਾ ਘਰ ਬਾਰ ਛੱਡ ਕੇ ਜੰਗਲਾਂ ਵਿੱਚ ਜਾ ਵਿਚਰਦਾ ਹੈ। ਸਰਕਾਰ ਵੱਲੋਂ ਜੰਗਲਾਂ ਦੇ ਜੰਗਲ ਸਾੜੇ ਜਾਂਦੇ ਹਨ। ਬੇਅੰਤ ਸਿੰਘਾਂ ਦੇ ਪਰਵਾਰ ਸ਼ਹੀਦੀਆਂ ਪਾ ਜਾਂਦੇ ਹਨ। ਬਾਕੀ ਦੇ ਸਿੰਘ ਦੂਰ-ਦੁਰਾਡੇ ਖਿਲਰ ਜਾਂਦੇ ਹਨ। ਲਖਪਤ ਰਾਏ ਵਰਗੇ ਸਿੰਘਾਂ ਦਾ ਖੁਰਾ ਖੋਜ ਮਿਟਾਉਣ ਦਾ ਬੀੜਾ ਚੁੱਕ ਲੈਂਦੇ ਹਨ। ਅੱਸੀ ਅੱਸੀ ਰੁਪਏ ਸਿੰਘਾਂ ਦੇ ਸਿਰਾਂ ਦਾ ਮੁੱਲ ਪੈ ਜਾਂਦਾ ਹੈ।

ਸਮਾਂ ਥੋੜਾ ਹੋਰ ਪਾਸਾ ਪਰਤਦਾ ਹੈ। ਬੈਰੂਨੀ ਲੁਟੇਰੇ ਭਾਰਤ ਨੂੰ ਲੁੱਟਣ ਲਈ ਬਾਰ ਬਾਰ ਇਸ ਦੇਸ ਉੱਤੇ ਹਮਲੇ ਕਰਦੇ ਹਨ। ਇਸ ਦੇਸ ਦਾ ਮਾਲੋ-ਮਤਾਅ ਲੁੱਟ ਲੁੱਟ ਲਿਜਾਂਦੇ ਹਨ। ਏਸੇ ਦੌਰਾਨ ਹਿੰਦੂਆਂ ਦੇ ਸੋਮਨਾਥ ਦੇ ਮੰਦਰ ਦਾ ਭਾਰੀ ਬੁੱਤ ਤੋੜ ਕੇ ਇਸ ਵਿੱਚੋਂ ਹੀਰੇ, ਜਵਾਹਰਾਤ, ਸੋਨਾ, ਆਦਿ ਲੁੱਟ ਲਿਆ ਜਾਂਦਾ ਹੈ ਅਤੇ ਇਸ ਮੰਦਰ ਦੇ ਵੱਡੇ ਕੱਦ ਵਾਲੇ ਚਾਂਦੀ ਦੇ ਦਰਵਾਜ਼ੇ ਉਤਰਵਾ ਕੇ ਕਾਬਲ ਕੰਧਾਰ ਨੂੰ ਲੈ ਜਾਂਦੇ ਹਨ। ਹਿੰਦੂਆਂ ਦੀਆਂ ਸੁੰਦਰ ਬਹੂ-ਬੇਟੀਆਂ ਗਜ਼ਨੀ ਦੇ ਬਾਜ਼ਾਰਾਂ ਵਿੱਚ ਲਿਜਾ ਕੇ ਟਕੇ ਟਕੇ ਤੋਂ ਵੇਚੀਆਂ ਜਾਂਦੀਆਂ ਹਨ।

ਵਕਤ ਹੋਰ ਰੰਗ ਬਦਲਦਾ ਹੈ। ਖਾਲਸਾ ਮੁੜ ਜ਼ੋਰ ਫੜ ਲੈਂਦਾ ਹੈ। ਹਮਲਾ-ਆਵਰਾਂ ਨਾਲ ਲੋਹਾ ਲੈਂਦਾ ਹੈ। ਹਜ਼ਾਰਾਂ ਸਿੰਘ ਮਾਰੇ ਜਾਂਦੇ ਹਨ। ਨਾਲੋ ਨਾਲ ਅੰਮ੍ਰਿਤ ਛਕ ਕੇ ਹੋਰ ਸ਼ੇਰ ਤਿਆਰ ਹੋਈ ਜਾਂਦੇ ਹਨ। ਲੁੱਟ-ਮਾਰ ਨੂੰ ਠੱਲ੍ਹ ਪੈ ਜਾਂਦੀ ਹੈ। ਹਿੰਦੂਆਂ ਦੀਆਂ ਬਹੂ-ਬੇਟੀਆਂ ਜਰਵਾਣਿਆਂ ਪਾਸੋਂ ਖੋਹ ਕੇ ਉਨ੍ਹਾਂ ਦੇ ਘਰੀਂ ਪਹੁੰਚਾਈਆਂ ਜਾਂਦੀਆਂ ਹਨ। ਖਾਲਸੇ ਦੀ ਤੇਗ ਦੀ ਝਾਲ ਨਾ ਝੱਲਦੇ ਹੋਏ, ਬੈਰੂਨੀ ਲੁਟੇਰੇ ਭਾਰਤ ਵੱਲ ਮੂੰਹ ਕਰਨੋਂ ਰੁਕ ਜਾਂਦੇ ਹਨ। ਖਾਲਸਾ ਤੁਰਕਾਂ ਦੀ ਭੁਗਤ ਸਵਾਰਦਾ ਹੋਇਆ, ਹਮਾਲੀਆ ਦੇ ਪਹਾੜਾਂ ਨੂੰ ਚੀਰਦਾ ਹੋਇਆ ਕਾਬਲ ਕੰਧਾਰ ਜਾ ਕੇਸਰੀ ਝੰਡੇ ਗੱਡਦਾ ਹੈ ਅਤੇ ਸੋਮਨਾਥ ਮੰਦਰ ਦੇ ਦਰਵਾਜ਼ੇ ਤੁਰਕਾਂ ਪਾਸੋਂ ਖੋਹ ਕੇ ਵਾਪਸ ਭਾਰਤ ਲੈ ਆਉਂਦਾ ਹੈ। ਇਹ ਦਰਵਾਜ਼ੇ ਸ੍ਰੀ ਹਰਿਮੰਦਰ ਸਾਹਿਬ (ਅੰਮ੍ਰਿਤਸਰ) ਜੀ ਦੀ ਦਰਸ਼ਨੀ ਡਿਉੜੀ ਦੀ ਸ਼ੋਭਾ ਵਧਾਉਣ ਲਈ ਵਰਤੇ ਜਾਂਦੇ ਹਨ। ਇਹ ਪੁਰਾਤਨ ਖਾਲਸੇ ਦੀ ਬਹਾਦਰੀ ਦਾ, ਇਸ ਮੌਜੂਦਾ ਸਮੇਂ ਵਿੱਚ ਦਰਸ਼ਨ ਕਰਨ ਯੋਗ Monument (ਇਤਿਹਾਸਕ ਯਾਦ) ਹੈ। ਹਲੇਮੀ ਰਾਜ ਦਾ ਸਮਾਂ ਆ ਜਾਂਦਾ ਹੈ। ਹਿੰਦੂ ਅਤੇ ਮੁਸਲਮਾਨ ਰਿਆਇਆ ਸੁਖੀ ਵੱਸਦੀ ਹੈ। ਮੁਸੀਬਤਾਂ ਕਾਫ਼ੂਰ ਹੋ ਜਾਂਦੀਆਂ ਹਨ। ਡਾਕੇ ਚੋਰੀਆਂ ਅਤੇ ਹਕੂਮਤ ਵੱਲੋਂ ਵਧੀਕੀਆਂ ਖ਼ਤਮ ਹੋ ਜਾਂਦੀਆਂ ਹਨ। ਰਿਆਇਆ ਦੀ ਰੁਚੀ ਪਰਉਪਕਾਰ ਅਤੇ ਇਕ ਦੂਜੇ ਦੀ ਸੇਵਾ ਵੱਲ ਹੋ ਜਾਂਦੀ ਹੈ। ਇਨਸਾਫ਼ ਦਾ ਸਮਾਂ ਆ ਜਾਂਦਾ ਹੈ।

ਜ਼ਮਾਨਾ ਫਿਰ ਕਰਵਟ ਬਦਲਦਾ ਹੈ। ਖਾਲਸਾ ਰਾਜ ਵਿਚ ਵੜੇ ਹੋਏ ਹਿੰਦੂ (ਡੋਗਰੇ ਤੇ ਬ੍ਰਾਹਮਣ) ਨਿਮਕ-ਹਰਾਮੀ ਕਰਦੇ ਹਨ ਅਤੇ ਅੰਗਰੇਜ਼ਾਂ ਨਾਲ ਗਾਂਢਾ ਸਾਂਢਾ ਕਰ ਕੇ ਖ਼ਾਲਸੇ ਵਿਚ ਫੁਟ ਪਾ ਦੇਂਦੇ ਹਨ। ਪੰਜਾਬ ਵਿੱਚ ਅੰਗ੍ਰੇਜ਼ੀ ਰਾਜ ਦਾ ਸਿੱਕਾ ਆ ਜੰਮਦਾ ਹੈ। ਸਾਰਾ ਦੇਸ ਗੁਲਾਮ ਹੋ ਜਾਂਦਾ ਹੈ।

ਸਮਾਂ ਹੋਰ ਅੱਗੇ ਵਧਦਾ ਹੈ। ਦੇਸ ਦੀ ਗੁਲਾਮੀ ਦੀ ਜ਼ੰਜੀਰ ਟੁੱਟਣ ਦਾ ਵਕਤ ਆਉਂਦਾ ਹੈ ਤਾਂ ਕੁਝ ਮੁਸਲਮਾਨ ਵੀਰ ਹਿੰਦੂਆਂ ਤੋਂ ਵੱਖ ਹੋ ਜਾਂਦੇ ਹਨ। ਪਾਕਿਸਤਾਨ ਬਣ ਜਾਂਦਾ ਹੈ। ਸਿਖ, ਹਿੰਦੂ ਅਤੇ ਬਾਕੀ ਦੇ ਮੁਸਲਮਾਨ ਭਾਰਤ-ਵਾਸੀ ਬਣੇ ਰਹਿੰਦੇ ਹਨ।

ਸਮਾਂ ਇਕ ਹੋਰ ਕਰਵਟ ਲੈਂਦਾ ਹੈ। ਜਗਤ ਨੂੰ ਠੰਢਕ ਦੇਣ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ, ਗੁਰਬਾਣੀ ਦੀਆਂ ਪੁਸਤਕਾਂ ਅਤੇ ਗੁਰਦਵਾਰੇ ਧਰਮ ਦੇ ਦੋਖੀਆਂ ਵਲੋਂ ਅਗਨ ਭੇਟ ਕਰਨ ਦੀਆਂ ਵਾਰਦਾਤਾਂ ਸੁਣਾਈ ਦੇਣ ਲੱਗ ਪੈਂਦੀਆਂ ਹਨ। ਸਿੱਖ ਧਰਮ ਦੇ ਦੋਖੀਆਂ ਵਲੋਂ ਪੱਥਰ, ਬੀੜੀਆਂ, ਸਿਗਰਟਾਂ, ਚਪਲਾਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਉੱਤੇ ਸੁੱਟੀਆਂ ਜਾਂਦੀਆਂ ਹਨ। ਨਕਲੀ

[ਬਾਕੀ ਦੇਖੋ ਸਫ਼ਾ ੨੧ ਦੇ ਹੇਠ]



www.AKJ.Org

# ਸਿਖ ਧਰਮ ਤੇ ਸੰਤਾਨ ਸੰਜਮ

[ਪ੍ਰੋ: ਉਦੈ ਸਿੰਘ ਜੀ, ਮੈਥੇਮੈਟਿਕਸ ਡੀਪਾਰਟਮੈਂਟ, ਲੌਰੇਨਸ਼ੀਅਨ ਯੂਨੀਵਰਸਿਟੀ, ਸੂਦਬਰੀ, ਔਨਟੇਰੀਓ, ਕੈਨੇਡਾ]

ਕੁਛ ਸਾਲਾਂ ਤੋਂ ਹਿੰਦ ਸਰਕਾਰ ਹਿੰਦੁਸਤਾਨ ਵਿਚ ਸੰਤਾਨ-ਸੰਜਮ ਦੇ ਤ੍ਰੀਕਿਆਂ ਦਾ ਪਰਚਾਰ ਕਰ ਰਹੀ ਹੈ। ਹੁਣ ਤਾਂ ਇਹ ਪਰਚਾਰ ਘਰੋ ਘਰੀ ਪਹੁੰਚ ਚੁਕਾ ਹੈ ਤੇ ਪਿੰਡਾਂ ਵਿਚ ਭੀ ਸੰਤਾਨ-ਸੰਜਮ ਦੇ ਤ੍ਰੀਕਿਆਂ ਦੀ ਵਰਤੋਂ ਆਮ ਹੈ। ਗੋਲੀਆਂ ਤੇ ਰਬੜਾਂ ਦੀ ਵਰਤੋਂ ਕਰਨੀ, ਨਸ-ਬੰਦੀਆਂ ਕਰਨੀਆਂ ਤੇ ਅੰਤ ਗਰਭ-ਪਾਤ ਕਰਨੇ, ਸੰਤਾਨ-ਸੰਜਮ ਦੇ ਆਮ ਵਰਤੇ ਜਾਣ ਵਾਲੇ ਤ੍ਰੀਕਿਆਂ ਚੋਂ ਹਨ।

ਗਾਂਧੀ ਕਿਹਾ ਕਰਦਾ ਸੀ ਕਿ ਜਿਸ ਕਾਮ-ਭੋਗ ਵਿਚ ਸੰਤਾਨ ਉਤਪੰਨ ਕਰਨ ਦੀ ਇਛਾ ਨਾ ਹੋਵੇ, ਉਹ ਕਾਮ-ਭੋਗ ਪਾਪ ਹੈ। ਪਰ ਗਾਂਧੀ ਨੂੰ ਰਾਸ਼ਟਰ-ਪਿਤਾ ਮੰਨਣ ਵਾਲੀ ਅਜ ਦੀ ਹਿੰਦ ਸਰਕਾਰ, ਸੰਤਾਨ ਸੰਜਮ ਦੇ ਪਰਚਾਰ ਦਵਾਰਾ, ਹਿੰਦੁਸਤਾਨ ਦੇ ਮੁੰਡੇ ਕੁੜੀਆਂ ਨੂੰ ਕਹਿ ਰਹੀ ਹੈ ਕਿ ਤੁਹਾਨੂੰ ਕਾਮ-ਭੋਗ ਦੀ ਖੁੱਲ੍ਹ ਹੈ, ਪਰ ਬੱਚਿਆਂ ਤੋਂ ਬਚੋ।

ਦੁਨੀਆ ਦੇ ਹੋਰ ਬਹੁਤੇ ਦੇਸਾਂ ਦੀ ਭੀ ਨੀਤੀ ਇਹੀ ਹੈ। ਸੰਤਾਨ-ਸੰਜਮ ਸੰਬੰਧੀ ਇਸ ਨੀਤੀ ਕਾਰਨ ਮਨੁੱਖ ਚੋਂ ਕਾਮ-ਸੰਜਮ ਬਿਲਕੁਲ ਉਡ ਗਿਆ ਹੈ। ਕਲਜੁਗ ਵਿਚ ਕਾਮ-ਨੇਬ ਦੀ ਅਗੇ ਹੀ ਚੋਧਰ ਹੈ। ਉਪਰੋਂ ਕਾਮ ਦਾ ਖੁੱਲ੍ਹਾ ਪਰਚਾਰ ਹੈ। ਜਾਨਵਰ ਭੀ ਰੁੱਤ ਤੇ ਵੱਤ ਸਿਆਣਦੇ ਹਨ। ਪਰ ਅਜ ਦੇ ਇਸਤ੍ਰੀ-ਪੁਰਖ ਨੂੰ ਉੱਕੀ ਹੀ ਕੋਈ ਪਰਵਾਹ ਨਹੀਂ ਰਹੀ। ਨਤੀਜੇ ਪਰਤੱਖ ਤੇ ਭਿਆਨਕ ਹਨ।

ਹਿੰਦੁਸਤਾਨ ਵਿਚ ਮੁਸਲਮਾਨਾਂ ਨੇ ਸਰਕਾਰ ਦੀ ਸੰਤਾਨ-ਸੰਜਮ-ਨੀਤੀ ਵਿਰੁਧ ਅਵਾਜ਼ ਉਠਾਈ ਹੈ। ਦਿਲੀ ਦੀ ਜਾਮਾ ਮਸਜਿਸ ਦੇ ਇਮਾਮ ਨੇ ਭਾਰਤੀ ਮੁਸਲਮਾਨਾਂ ਨੂੰ ਸੰਤਾਨ-ਸੰਜਮ ਤੋਂ ਬਚਣ ਦੀ ਸਲਾਹ ਦਿਤੀ ਹੈ। ਹਿੰਦੂਆਂ ਵਿਚ ਭੀ ਕਈ ਪਲੇਟਫ਼ਾਰਮਾਂ ਤੋਂ ਹਿੰਦੂਆਂ ਨੂੰ ਇਹੀ ਸਲਾਹ ਮਿਲ ਰਹੀ ਹੈ। ਇਹੀ ਕਾਰਨ ਹੈ ਕਿ ਹਿੰਦ ਸਰਕਾਰ ਦੀ ਸੰਤਾਨ-ਸੰਜਮ ਨੀਤੀ ਅਸਫਲ ਹੋਈ ਹੈ। ਹੁਣ ੧੯੯੧ ਦੀ ਗਿਣਤੀ ਅਨਸਾਰ ਹਿੰਦ ਦੀ ਅਬਾਦੀ ਵਧ ਕੇ ੬੯੪ ਮਿਲੀਅਨ ਹੋ ਗਈ ਹੈ, ਜਿਹੜੀ ਏਸੇ ਸਾਲ ਦੇ ਵਿਚ ਇਕ ਬਿਲੀਅਨ ਹੋ ਜਾਵੇਗੀ।

ਵਿਆਹੇ ਹੋਏ ਸਿਖ ਜੋੜੇ ਸੰਤਾਨ-ਸੰਜਮੀ ਤ੍ਰੀਕਿਆਂ ਦੀ ਆਮ ਵਰਤੋਂ ਕਰ ਰਹੇ ਹਨ। ਇਥੋਂ ਤਕ ਕਿ ਕਈ ਸਿਖ ਇਸਤ੍ਰੀਆਂ ਗਰਭ ਗਿਰਾਂਦੀਆਂ ਜਾਨ ਤਕ ਜਾਵਾ ਲੈਂਦੀਆਂ ਹਨ। ਸਿਖ ਧਰਮ ਵਿਚ

---

(ਸਫ਼ਾ ੨੦ ਦੀ ਬਾਕੀ)

ਨਿਰੰਕਾਰੀ ਮਿਸ਼ਨ ਸਰਗਰਮ ਹੋ ਜਾਂਦਾ ਹੈ। ਸਿੱਖ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਪਮਾਨ ਹੋਣਾ ਜ਼ੋਰ ਫੜ ਜਾਂਦਾ ਹੈ। ਸਿੱਖੀ ਰਵਾਇਤਾਂ ਦਾ ਮਖ਼ੌਲ ਉਡਾਇਆ ਜਾਣਾ ਅਰੰਭ ਹੋ ਜਾਂਦਾ ਹੈ। ਇਸ ਨਿਖੇਧਿਤ ਕਰਤੂਤ ਦੇ ਖ਼ਿਲਾਫ਼ ਆਵਾਜ਼ ਉਠਾਉਣ ਵਾਲੇ ਸਿੰਘਾਂ ਦਾ ਦਿਨ-ਦਿਹਾੜੇ ਕਤਲੇ-ਆਮ ਹੋ ਜਾਂਦਾ ਹੈ।

ਪਾਵਨ ਬੀੜਾਂ ਦੇ ਪੱਤਰੇ ਪਾੜੇ ਜਾਂਦੇ ਹਨ। ਸਰਕਾਰ ਇਨ੍ਹਾਂ ਨਿੰਦਕ ਘਟਨਾਵਾਂ ਦੇ ਦੋਸ਼ੀਆਂ ਨੂੰ ਫੜਨ ਵਿਚ ਅਸਮਰਥ ਰਹਿੰਦੀ ਹੈ। ਆਪਣੇ ਕਲਗੀਆਂ ਵਾਲੇ ਦੇ ਕੁਝ ਕੁ ਅਣਖੀਲੇ ਭੁਝੰਗੀ ਸਿਰ-ਧੜ ਦੀ ਬਾਜ਼ੀ ਲਾ ਕੇ ਘਰ ਬਾਰ ਅਤੇ ਪਰਵਾਰਾਂ ਨਾਲੋਂ ਤੋੜ ਕੇ ਬਾਹਰ ਨਿੱਤਰ ਆਉਂਦੇ ਹਨ। ਟਾਵੇਂ ਟਾਵੇਂ ਪਾਪੀਆਂ ਨੂੰ ਚੁਣ ਘੱਤਦੇ ਹਨ। ਬੇ-ਕਸੂਰ ਸਿੰਘਾਂ ਦੀ ਫੜੋ-ਫੜਾਈ, ਮਾਰਕੁਟਾਈ ਸ਼ੁਰੂ ਹੋ ਜਾਂਦੀ ਹੈ। ਸਿੱਖੀ ਸਰੂਪ ਧਰਮ ਦਿਆਂ ਦੋਖੀਆਂ ਨੂੰ ਚੁਭਣ ਲੱਗ ਪੈਂਦਾ ਹੈ। ਅੰਮ੍ਰਿਤਧਾਰੀ ਹੋਣਾ ਤਾਂ ਇੱਕ ਵੱਡੀ ਅਯੋਗਤਾ ਬਣ ਜਾਂਦੀ ਹੈ। ਜਲੂਸਾਂ ਅਤੇ ਬਿਆਨਾਂ ਰਾਹੀਂ ਲੋਕੀਂ ਆਪਣਾ ਹਿਰਖ ਮੱਠਾ ਕਰਨ ਲੱਗ ਪੈਂਦੇ ਹਨ। ਸਾਧਾਰਨ ਜਨ, ਮੂੰਹ ਵਿੱਚ ਉਂਗਲਾਂ ਲਈ ਅਗਲੀਆਂ ਵੇੜਾਂ ਲੈਂਦੇ ਦਿਖਾਈ ਦੇਣ ਲੱਗ ਪੈਂਦੇ ਹਨ। ਸਮਾਂ ਕਰਵਟਾਂ ਲਈ ਜਾ ਰਿਹਾ ਹੈ। ਦੇਖ ਮਰਦਾਨਿਆ ਰੰਗ ਕਰਤਾਰ ਦੇ!



www.AKJ.Org

ਅੰਗ-ਹੀਣਤਾ ਅਪਰਵਾਨ ਹੈ। ਅੰਗ-ਹੀਣ, ਇਸਤ੍ਰੀ-ਪੁਰਖ ਪੰਜਾਂ ਪਿਆਰਿਆਂ ਵਿਚ ਸ਼ਾਮਲ ਨਹੀਂ ਹੋ ਸਕਦਾ। ਨਸ-ਬੰਦੀਆਂ ਕਰਾਉਣ ਵਾਲੇ ਇਸਤ੍ਰੀ ਪੁਰਖ ਕਿਉਂਕਿ ਸੰਤਾਨ-ਉਤਪੰਨ ਨਹੀਂ ਕਰ ਸਕਦੇ, ਇਸ ਕਰਕੇ ਉਹ ਅੰਗ-ਹੀਣ ਹਨ। ਸਿਖ ਧਰਮ ਵਿੱਚ "ਏਕਾ ਨਾਰੀ ਜਤੀ ਹੋਇ" ਅਨੁਸਾਰ ਆਪਣੀ ਵਿਆਹੀ ਹੋਈ ਇਕ ਨਾਰੀ ਤੇ ਸਿਦਕ ਰਖਣ ਵਾਲਾ ਸਿਖ ਜਤੀ ਹੈ।

ਜਿਸ ਕਾਮ-ਭੋਗ ਵਿਚ ਸੰਤਾਨ ਦੀ ਇਛਾ ਨਹੀਂ, ਉਹ ਵਿਭਚਾਰ ਹੈ। ਸੰਤਾਨ-ਰੋਕੂ ਵਿਆਹਿਆ ਜੋੜਾ ਇਸ ਕਰਕੇ ਵਿਭਚਾਰ ਦਾ ਭਾਗੀ ਹੈ। ਇਹ ਜੋੜਾ ਅਸਲ ਵਿਚ ਅਕਾਲ ਪੁਰਖ ਵਾਹਿਗੁਰੂ ਨਾਲ ਲੜਾਈ ਕਰ ਰਿਹਾ ਹੈ, ਤੇ ਹਿੰਦ ਸਰਕਾਰ ਦੀ ਚੁੱਕ ਵਿਚ ਆਇਆ ਹੋਇਆ, ਜਿੱਤਣ ਦੀ ਆਸ ਭੀ ਰਖਦਾ ਹੈ। ਸੰਤਾਨ-ਸੰਜਮ ਸਿਖ ਧਰਮ ਨਾਲ ਹੇਰਾ-ਫੇਰੀ ਹੈ। ਇਸ ਤੋਂ ਬੇਸ਼ਰਮੀ, ਗਿਰਾਵਟ ਤੇ ਬਦਚਲਣੀ ਜਿਹੇ ਔਗੁਣ ਉਤਪੰਨ ਹੁੰਦੇ ਹਨ। ਅਕਾਲ ਪੁਰਖ ਵਾਹਿਗੁਰੂ ਤਾਂ "ਮਾਤਾ ਕੇ ਉਦਰ ਮਹਿ ਪ੍ਰਤਿਪਾਲ" ਕਰਦਾ ਹੋਵੇ ਤੇ ਸਿਖ ਚਾਕੂਆਂ ਤੇ ਛੁਰੀਆਂ ਨਾਲ ਜੀਵ ਨੂੰ ਉਥੋਂ ਕਢਵਾ ਲਿਆਂਦਾ ਹੋਵੇ। ਔਪ੍ਰੇਸ਼ਨ ਦਵਾਰਾ ਗਰਭ ਚੋਂ ਬੱਚਾ ਕਢਵਾ ਦੇਣਾ ਘੋਰ ਪਾਪ ਤੇ ਭਾਰੀ ਅਵੱਗਿਆ ਹੈ। ਇਹ "ਬਾਲ-ਘਾਤਨੀ" ਪੂਤਨਾ ਦੀ ਕਿਰਿਆ ਹੈ। ਇਕ ਸਰਪਨੀ ਹੀ ਹੈ, ਜੋ ਆਪਣੇ ਜਾਏ ਖਾ ਜਾਂਦੀ ਹੈ। ਤੇ ਅਬੋਰਸ਼ਨ ਕਰਵਾ ਸਿਟਣ ਵਾਲੀ ਇਸਤ੍ਰੀ ਰੂਪ ਡੈਣ ਿਹੀ ਹੈ, ਜੋ ਆਪਣੇ ਬੱਚੇ ਆਪ ਮਰਵਾ ਦਿੰਦੀ ਹੈ।

ਹਾਂ, ਜੇ ਇਕ ਸਿਖ ਜੋੜੇ ਨੂੰ ਆਪਣੇ ਪਰਵਾਰ ਦਾ ਵਾਧਾ, ਕਿਸੇ ਕਾਰਨ ਕਰਕੇ, ਰੋਕਣਾ ਪੈ ਹੀ ਜਾਵੇ ਤਾਂ ਸਿਖ ਧਰਮ ਵਿਚ ਕੇਵਲ ਇਕ ਤ੍ਰੀਕਾ ਹੈ, ਤੇ ਉਹ ਹੈ ਸ੍ਵੈਕਾਬੂ। ਸਤਿਗੁਰੂ ਤਾੜਨਾ ਕਰਦੇ ਹਨ—

ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖੁ ਪਾਵਹਿ ॥
ਘਰੀ ਮੁਹਤ ਰੰਗ ਮਾਣਹਿ ਫਿਰਿ ਬਹੁਰਿ ਬਹੁਰਿ ਪਛੁਤਾਵਹਿ ॥ (ਪੰਨਾ ੪੦੩)

ਕਾਮ, ਸਣੇ ਬਾਕੀ ਦੇ ਚਾਰ ਦੂਤਾਂ ਦੇ, ਸਾਧ ਸੰਗਤਿ ਦੇ ਆਸਰੇ ਹੀ ਦਲੇ ਮਲੇ ਜਾ ਸਕਦੇ ਹਨ—

ਕਹੁ ਨਾਨਕ ਤਿਨਿ ਜਨ ਨਿਰਦਲਿਆ
ਸਾਧ ਸੰਗਤਿ ਕੈ ਝਲੀ ਰੇ। ੨॥੧੩੨॥ ਪੰਨਾ ੪੦੪)
ਸਾਧ ਸੰਗਿ ਓਇ ਦੁਸਟ ਵਸਿ ਹੋਤੇ ॥੩॥੮੯॥ ਗਉੜੀ ਗੁ: ਮ: ੫, ਪੰਨਾ ੧੮੨

---

## ਪਾਠਕਾਂ ਪ੍ਰਤੀ ਜ਼ਰੂਰੀ ਬੇਨਤੀਆਂ

**ਪਰਚੇ ਗੁੰਮ**—ਹਰੇਕ ਪਾਠਕ ਦਾ 'ਸੂਰਾ' ਹਰ ਮਹੀਨੇ ਪਹਿਲੀ ਤਰੀਕ ਨੂੰ ਰਜਿਸਟਰ ਨਾਲ ਚੈਕ ਕਰ ਕੇ ਡਾਕੇ ਪਾਇਆ ਜਾਂਦਾ ਹੈ। ਕਈ ਪਰਚੇ ਰਾਹ ਵਿਚ ਗੁੰਮ ਕਰ ਲਏ ਜਾਂਦੇ ਹਨ। ਜਿਸ ਵੀਰ ਭੈਣ ਨੂੰ ਪਰਚਾ ਨਾ ਪਹੁੰਚੇ, ਉਸ ਮਹੀਨੇ ਦੇ ਅਧ ਪਿਛੋਂ ਸਾਨੂੰ ਕਾਰਡ ਪਾ ਦੇਵੇ, ਅਸੀਂ ਦੁਬਾਰਾ ਪਰਚਾ ਭੇਜ ਦਿਆਂਗੇ।

**ਚੰਦੇ ਖਤਮ**—ਚੰਦੇ ਖ਼ਤਮ ਹੋਣ ਦੀ ਮੋਹਰ ਜਿਸ ਪਰਚੇ ਤੇ ਮਿਲੇ, ਕਿਰਪਾ ਕਰਕੇ ਓਦੋਂ ਹੀ ਮਨੀਆਰਡਰ ਭੇਜੋ ਜੀ।

**ਨਵੇਂ ਗਾਹਕ**—ਪਾਠਕ ਵੀਰੋ, ਬੇਨਤੀ ਹੈ ਕਿ ਜਿਥੇ ਆਪਣੇ ਚੰਦੇ ਮੁਕਣ ਸਾਰ ਤੁਰਤ ਭੇਜੋ ਉਥੇ ਹੰਭਲਾ ਮਾਰੋ ਅਤੇ ਇਕ ਇਕ ਦੋ ਦੋ ਹੋਰ ਨਵੇਂ ਸਜਣਾਂ ਨੂੰ ਪ੍ਰੇਰ ਕੇ ਸੂਰੇ ਦੇ ਮੈਂਬਰ ਬਣਾਓ।

**ਚਿਟ ਨੰਬਰ**—ਬਾਰ ਬਾਰ ਬੇਨਤੀ ਹੈ ਕਿ ਚਿੱਠੀ ਪੱਤਰ ਤੇ ਮਨੀਆਰਡਰ ਭੇਜਣ ਲਗਿਆਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਤੁਹਾਡੇ ਪਰਚੇ ਉਤੇ ਐਡਰੈਸ ਤੋਂ ਪਹਿਲਾਂ ਚਿੱਟ ਨੰਬਰ ਲਿਖਿਆ ਹੁੰਦਾ ਹੈ।

**ਬੈਂਕ ਚੈਕ**—ਚੰਦੇ ਜਾਂ ਹੋਰ ਕੋਈ ਰਕਮ ਅੰਮ੍ਰਿਤਸਰ ਦੇ ਕਿਸੇ ਬੈਂਕ ਦੇ ਡਰਾਫ਼ਟ ਰਾਹੀਂ ਹੀ ਭੇਜੋ। ਜੇ ਚੈਕ ਭੇਜਣ ਦੀ ਮਜਬੂਰੀ ਹੋਵੇ ਤਾਂ ਅੰਮ੍ਰਿਤਸਰ ਦੇ ਕਿਸੇ ਬੈਂਕ ਦਾ ਲੋਕਲ ਚੈਕ ਨਾ ਹੋਣ ਦੀ ਹਾਲਤ ਵਿਚ ਬੈਂਕ ਕਮਿਸ਼ਨ ਵਾਧੂ ਛੇ ਰੁਪਏ ੬/—ਭੇਜੋ ਜੀ।

ਦਾਸ—ਮੈਨੇਜਰ 'ਸੂਰਾ'

www.AKJ.Org

# ਕੰਚਨ ਕਾਇਆ ਨਿਰਮਲ ਹੰਸੁ ॥ ਮਲਾਰ ਮ: ੧—੧੨੫੬

[ਗਿ: ਜਗਤਾਰ ਸਿੰਘ ਜੀ ਜਾਚਕ, ਹੈੱਡ ਗ੍ਰੰਥੀ, ਗੁਰਦਵਾਰਾ ਸਬਜ਼ੀ ਮੰਡੀ, ਲੁਧਿਆਣਾ]

'ਕੰਚਨ ਕਾਂਇਆਂ' ਸ਼ਬਦ ਦੇ ਪਦ-ਅਰਥ ਹਨ ਸੋਨੇ ਵਰਗਾ ਸਰੀਰ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਇਸ ਸ਼ਬਦ ਦੀ ਵਰਤੋਂ ਜੁੜਤ ਰੂਪ ਵਿਚ ਤਾਂ ਕੇਵਲ ੧੩ ਕੁ ਵਾਰ ਹੋਈ ਹੈ, ਪਰ ਵੱਖ ਵੱਖ ਤੌਰ ਤੇ ਅਨੇਕ ਬਾਰ । ਕੰਚਨ ਅਰਥਾਤ ਸੋਨਾ ਇਕ ਕੀਮਤੀ, ਸ਼ੁਧ ਤੇ ਚਮਕੀਲੀ ਧਾਤੂ ਮੰਨਿਆ ਗਿਆ ਹੈ । ਇਸ ਲਈ ਵੈਦਿਕ ਦ੍ਰਿਸ਼ਟੀਕੋਨ ਤਾਂ ਅਰੋਗ ਤੇ ਸੁੰਦਰ ਮਨੁਖ ਦੇਹੀ ਕੰਚਨ-ਕਾਂਇਆਂ ਅਖਵਾਉਂਦੀ ਹੈ, ਪਰ ਅਧਿਆਤਮਕ ਨਜ਼ਰੀਏ ਤੋਂ ਹਿਰਦੇ ਦੀ ਪਵਿਤ੍ਰਤਾ ਵੀ ਸਮਿਲਤ ਹੈ, ਕਿਉਂਕਿ ਸਤਿਗੁਰ ਸਚੇ ਵੈਦ ਦੀ ਨਿਗਾਹ ਤਨ ਤੋਂ ਅਗੇ ਮਨ ਤੇ ਵੀ ਪੈਂਦੀ ਹੈ। ਹਉਮੈ ਆਦਿ ਵਿਕਾਰਾਂ ਤੋਂ ਰਹਿਤ ਤੇ ਨਾਮ-ਰੰਗ ਵਿਚ ਰੰਗੀ ਦੇਹੀ ਨੂੰ ਸਤਿਗੁਰੂ ਕੰਚਨ-ਕਾਇਆ ਕਹਿੰਦੇ ਹਨ । ਸ੍ਰੀ ਗੁਰੂ ਰਾਮਦਾਸ ਜੀ ਦੇ ਅੰਮ੍ਰਿਤ ਬਚਨ ਹਨ ਕਿ ਮਨੁਖਾ ਜਨਮ ਵਡੀ ਕਿਸਮਤ ਨਾਲ ਪ੍ਰਾਪਤ ਹੁੰਦਾ ਹੈ, ਪਰ ਉਸੇ ਮਨੁਖ ਦੀ ਕਾਂਇਆਂ ਸੋਨੇ ਵਰਗੀ ਹੈ, ਸੋਹਣੀ ਹੈ ਜੋ ਗੁਰੂ ਦੀ ਸ਼ਰਨ ਪੈ ਕੇ ਹਰਿ ਨਾਮ ਦਾ ਗੂੜ੍ਹਾ ਰੰਗ ਹਾਸਲ ਕਰਦਾ ਹੈ । ਮਾਣਸ ਜਨਮੁ ਵਡਪੁੰਨੇ ਪਾਇਆ, ਦੇਹ ਸੁ ਕੰਚਨ ਚੰਗੜੀਆ ॥

ਗੁਰਮੁਖਿ ਰੰਗੁ ਚਲੂਲਾ ਪਾਵੈ, ਹਰਿ ਹਰਿ ਹਰਿ ਨਵਰੰਗੜੀਆ॥੧॥

(ਵਡਹੰਸੁ ਮ: ੪ ਘੋੜੀਆਂ ਪੰਨਾ ੫੭੪-੭੫)

ਸਤਿਗੁਰੂ ਜੀ ਕਹਿੰਦੇ ਹਨ ਕਿ ਜਦੋਂ ਅਸੀਂ ਗੁਰੂ ਕੀ ਸ਼ਰਨ ਪੈ ਕੇ ਖੋਜਦਿਆਂ ਖੋਜਦਿਆਂ ਹਰੀ ਸਜਣ ਨੂੰ ਆਪਣੇ ਅੰਦਰ ਹੀ ਲਭਾ ਤਾਂ ਮੇਰਾ ਸਰੀਰ ਰੂਪੀ ਕਿਲ੍ਹਾ ਮਾਨੋ ਸੋਨੇ ਦਾ ਬਣ ਗਿਆ, ਕਿਉਂਕਿ ਗੁਰੂ-ਕਿਰਪਾ ਸਦਕਾ ਪ੍ਰਮਾਤਮਾ ਪਰਗਟ ਹੋਇਆ ਹੈ । ਰੱਬੀ ਬਾਣੀ ਹੈ–

ਗੁਰਮੁਖਿ ਢੂੰਢਿ ਢੂੰਢੇਦਿਆ, ਹਰਿ ਸਜਣੁ ਲਧਾ ਰਾਮ ਰਾਜੇ ॥
ਕੰਚਨ ਕਾਇਆ ਕੋਟ ਗੜਵਿਚਿ ਹਰਿ ਹਰਿ ਸਿਧਾ ॥ (ਆਸਾ ਮ: ੪, ਪੰਨਾ ੪੪੯)

ਕੰਚਨ ਕੁਠਾਲੀ ਵਿਚ ਪੈ ਕੇ ਬਾਰਾਂ-ਵੰਨੀ ਦਾ ਹੁੰਦਾ ਹੈ । ਖੋਟ ਰਹਿਤ ਤੇ ਚਮਕੀਲਾ ਹੋ ਜਾਂਦਾ ਹੈ । ਇਸੇ ਤਰ੍ਹਾਂ ਜਦੋਂ ਕੋਈ ਮਨੁਖ ਗੁਰੂ ਦੇ ਸਨਮੁਖ ਹੋ ਕੇ ਨਾਮ ਸਾਧਨਾ ਕਰਦਾ ਤੇ ਗੁਰ-ਦਰਸਾਏ ਸੰਜਮ ਵਿਚ ਰਹਿੰਦਾ ਹੈ ਤਾਂ ਇਸ ਤੇ ਇਕ ਨਵਾਂ ਰੰਗ ਆਉਂਦਾ ਹੈ । ਪਰ ਇਸ ਪਾਸੇ ਕੋਈ ਵਿਰਲਾ ਵਡਭਾਗੀ ਮਨੁਖ ਹੀ ਲਗਦਾ ਹੈ । ਬਹੁਤੇ ਤਾਂ ਖੁਰਾਕ ਤੇ ਔਸ਼ਧੀਆਂ ਦੇ ਬਲ ਬੋਤੇ,ਪਊਡਰ ਤੇ ਕਰੀਮਾਂ ਆਦਿ ਵਰਤ ਕੇ ਪਦਾਰਥ-ਵਾਦੀ ਹੋ ਕੇ ਕਾਂਇਆਂ ਨੂੰ ਬਾਹਰੀ ਤੌਰ ਤੇ ਚਮਕਾਉਣ ਤੇ ਸੁੰਦਰ ਦਿਖਾਉਣ ਵਿਚ ਲਗੇ ਰਹਿੰਦੇ ਹਨ । ਮਾਝ ਕੀ ਵਾਰ ਵਿਚ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਹੇਠਲੇ ਸਲੋਕ ਰਾਹੀਂ ਉਪਦੇਸ਼ ਕਰਦੇ ਹਨ ਕਿ ਮਨੁੱਖ ਅੱਠੇ ਪਹਿਰ ਹੀ ਬਾਹਰਮੁਖੀ ਸੁਰਤ ਕਰਕੇ ਕਰਤੇ ਦੀ ਰਚਨਾ ਵਿਚ ਖੁਭਿਆ ਰਹਿੰਦਾ ਹੈ, ਅੰਤਰਮੁਖੀ ਹੋ ਕੇ ਆਪਣੀ ਦੇਹੀ ਦੀ ਖੋਜ ਨਹੀਂ ਕਰਦਾ । ਕੋਈ ਵਿਰਲੇ ਹੀ ਚੰਗੀ ਕਿਸਮਤ ਵਾਲੇ ਬੰਦੇ ਗੁਰੂ ਪੀਰ ਧਾਰਨ ਕਰ ਕੇ ਨਾਵੇਂ ਖੰਡ ਸਰੀਰ ਵਿਚੋਂ ਨਉਨਿਧ ਨਾਮ ਨੂੰ ਭਾਲਦੇ ਹਨ ।

ਅਠੀ ਪਹਰੀ ਅਠ ਖੰਡ, ਨਾਵਾ ਖੰਡੁ ਸਰੀਰੁ ॥
ਤਿਸੁ ਵਿਚਿ, ਨਉਨਿਧਿ ਨਾਮੁ ਏਕੁ, ਭਾਲਹਿ ਗੁਣੀ ਗਹੀਰ ॥
ਕਰਮਵਤੀ ਸਾਲਾਹਿਆ ਨਾਨਕ ਕਰਿ ਗੁਰੁ ਪੀਰੁ ॥

ਐਸੇ ਗੁਰਮੁਖ ਘਾਲਣਾ ਕੀ ਘਾਲਦੇ ਹਨ–

ਚਉਥੈ ਪਹਰਿ ਸਬਾਹ ਕੈ, ਸੁਰਤਿਆ ਉਪਜੈ ਚਾਉ ॥
ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ ॥



www.AKJ.Org

ਓਥੈ ਅੰਮ੍ਰਿਤੁ ਵੰਡੀਐ, ਕਰਮੀ ਹੋਇ ਪਸਾਉ ॥

ਜਿਵੇਂ ਤਾਉ ਦੇ ਕੇ ਸੋਨੇ ਨੂੰ ਕਸ ਲਾਈਦੀ ਹੈ ਤਿਵੇਂ ਅੰਮ੍ਰਿਤ ਵੇਲੇ ਦੀ ਘਾਲ-ਕਮਾਈ ਦੀ ਉਨ੍ਹਾਂ ਦੇ ਸਰੀਰ ਨੂੰ ਕਸ ਲਗਦੀ ਹੈ ਤਾਂ ਭਗਤੀ ਦਾ ਸੋਹਣਾ ਰੰਗ ਚੜ੍ਹਦਾ ਹੈ। ਉਹ ਸਰਾਫ਼-ਪ੍ਰਭੂ ਦੀ ਨਦਰ ਪ੍ਰਵਾਨ ਚੜ੍ਹਦੇ ਹਨ–

ਕੰਚਨ ਕਾਇਆ ਕਸੀਐ, ਵੰਨੀ ਚੜੈ ਚੜਾਉ ॥
ਜੇ ਹੋਵੈ ਨਦਰਿ ਸਰਾਫ ਕੀ, ਬਹੁੜਿ ਨ ਪਾਈ ਤਾਉ ॥੧॥੧੮॥
(ਮਾਝ ਕੀ ਵਾਰ, ਸਲੋਕ ਮ: ੨–੧੪੬

ਦਸਮ ਗੁਰਦੇਵ ਜੀ ਨੇ ਵੀ ਇਹੋ ਸੇਧ ਦਿਤੀ ਹੈ–

ਆਤਮ ਉਪਦੇਸ ਭੇਸ ਸੰਜਮ ਕੋ, ਜਾਪ ਸੁ ਅਜਪਾ ਜਾਪੈ ॥ਸਦਾ ਰਹੈ ਕੰਚਨ ਸੀ ਕਾਯਾਂ, ਕਾਲ ਨ ਕਬਹੂੰ ਬਿਆਪੈ॥

ਸਤਿਗੁਰੂ ਦੀ ਸਿਖਿਆ ਸਦਕਾ ਨਾਮ ਜਪ ਕੇ ਮਾਇਆ-ਮੋਹ ਵਾਲੀ ਖੋਟੀ ਮਤ ਦੂਰ ਹੋ ਜਾਂਦੀ ਹੈ, ਸਾਰੇ ਅਉਗਣ ਮਿਟ ਜਾਂਦੇ ਹਨ ਅਤੇ ਪਾਪਾਂ ਵਾਲੀ ਮਤ ਮੁਕ ਜਾਂਦੀ ਹੈ। ਇਸ ਤਰ੍ਹਾਂ ਵਿਕਾਰਾਂ ਤੋਂ ਬਚੇ ਰਹਿਣ ਕਰਕੇ ਗੁਰਮੁਖਿ ਦਾ ਸਰੀਰ ਕਸ ਚੜੇ ਕੰਚਨ ਦੀ ਤਰ੍ਹਾਂ ਨਿਰਮਲ ਹੋ ਜਾਂਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਫ਼ੁਰਮਾਉਂਦੇ ਹਨ–

ਸਤਿਗੁਰਿ ਸੇਵਿਐ ਦੂਜੀ ਦੁਰਮਤਿ ਜਾਈ ॥
ਅਉਗਣ ਕਾਟਿ ਪਾਪਾਂ ਮਤਿ ਖਾਈ ॥
ਕੰਚਨ ਕਾਇਆ ਜੋਤੀ ਜੋਤਿ ਸਮਾਈ ॥੬॥ (ਬਿਲਾਵਲੁ ਮ: ੩, ਪੰਨਾ ੮੩੩)

ਪੂਰਨ ਰੂਪ ਵਿਚ ਮਨੁਖੀ ਕਾਂਇਆਂ ਕੰਚਨ ਸਮਾਨ ਤਦੋਂ ਹੁੰਦੀ ਹੈ ਜਦੋਂ ਸਤਿਗੁਰੂ ਦੁਆਰਾ "ਕੰਚਨ ਕਾਇਆ" ਦਾ ਪ੍ਰਭੂ ਨਾਲ ਮਿਲਾਪ ਹੁੰਦਾ ਹੈ। ਅੰਦਰੋਂ ਮਾਇਆ ਕਾ ਭਰਮ ਕਟਿਆ ਜਾਂਦਾ ਹੈ।

ਕਾਇਆ ਕੰਚਨ ਤਾਂ ਥੀਐ, ਜਾਂ ਸਤਿਗੁਰੁ ਲਏ ਮਿਲਾਏ ॥
ਭ੍ਰਮੁ ਮਾਇਆ ਵਿਚਹੁ ਕਟੀਐ, ਸਚੜੈ ਨਾਮਿ ਸਮਾਏ ॥੨॥ (ਵਡਹੰਸ ਮ: ੩–੫੮੫)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੂਲਕ ਰੂਪ ਵਿਚ ਵਾਹਿਗੁਰੂ ਜੀ ਨੂੰ ਹੀ ਕੰਚਨ ਕਾਂਇਆਂ ਵਾਲਾ ਦਸਿਆ ਹੈ, ਜੋ ਨਿਰਾ ਪ੍ਰਕਾਸ਼ ਹੀ ਪ੍ਰਕਾਸ਼ ਹੈ ਅਤੇ ਅਨੂਪਮ ਹੈ–

ਕੰਚਨ ਕਾਇਆ, ਜੋਤਿ ਅਨੂਪੁ ॥ ਤ੍ਰਿਭਵਣ ਦੇਵਾ ਸਗਲ ਸਰੂਪੁ ॥੪॥(ਆਸਾ ਮ: ੧–੪੧੩)

ਇਹੀ ਕਾਰਨ ਹੈ ਕਿ ਜਦੋਂ ਉਨ੍ਹਾਂ ਦੇ ਸਾਹਮਣੇ ਸੁੰਦਰ ਚਮਕੀਲੀਆਂ ਦੇਹੀਆਂ ਵਾਲੇ, ਸੋਹਣੇ ਨੱਕ ਤੇ ਲੰਮੇ ਵਾਲਾਂ ਵਾਲੇ ਨਰ-ਨਾਰੀਆਂ ਆਉਂਦੇ ਹਨ ਤਾਂ ਵੇਖ ਕੇ ਵਿਸਮਾਦਿਤ ਹੋ ਗਾ ਉਠਦੇ ਹਨ–

ਤੇਰੇ ਬੰਕੇ ਲੋਇਣ ਦੰਤ ਰੀਸਾਲਾ ॥ ਸੋਹਣੇ ਨਕ ਜਿਨ ਲੰਮੜੇ ਵਾਲਾ ॥
ਕੰਚਨ ਕਾਇਆ ਸੁਇਨੇ ਕੀ ਢਾਲਾ ॥੭॥ ਵਡਹੰਸੁ ਮ: ੧–੫੬੭

ਸਤਿਗੁਰੂ ਦੇ ਸਨਮੁਖ ਹੋ, ਗੁਰੂ ਦਰਸਾਈ ਰਹਿਤ ਰਹਿੰਦਿਆਂ ਨਾਮ ਅਭਿਆਸ ਦੁਆਰਾ ਕੇਵਲ ਕਾਇਆ ਹੀ ਕੰਚਨ ਨਹੀਂ ਥੀਂਦੀ, ਸਗੋਂ ਗੁਰਮੁਖ ਦੀ ਆਤਮਾ (ਹੰਸ) ਵੀ ਨਿਰੋਈ ਰਹਿੰਦੀ ਹੈ। ਇਸ ਤਰ੍ਹਾਂ ਉਹ ਸਭ ਪ੍ਰਕਾਰ ਦੇ ਦੁਖਾਂ ਤੋਂ ਛੁਟਕਾਰਾ ਪਾ ਲੋਕ ਸੁਖੀਆ ਤੇ ਪ੍ਰਲੋਕ ਸੁਹੇਲਾ ਹੁੰਦਾ ਹੈ–

ਕੰਚਨ ਕਾਇਆ ਨਿਰਮਲ ਹੰਸੁ ॥ ਜਿਸੁ ਮਹਿ ਨਾਮੁ ਨਿਰੰਜਨ ਅੰਸੁ ॥
ਦੂਖ ਰੋਗ ਸਭ ਗਇਆ ਗਵਾਇ ॥ ਨਾਨਕ ਛੂਟਸਿ ਸਾਚੈ ਨਾਇ ॥੪॥੨॥੭॥ ੧੨੫੬

ਸੋ ਅੰਤ ਵਿਚ ਤਰਲਾ ਹੈ ਕਿ ਕਿਧਰੇ ਵਾਹਿਗੁਰੂ ਦੀ ਬਖਸ਼ਸ਼ ਸਦਕਾ ਸੁੰਦਰ ਕਾਂਇਆਂ ਮਿਲ ਜਾਏ, ਜੋ ਮਿਲੀ ਹੋਈ ਹੈ ਤਾਂ ਉਸ ਨੂੰ ਕੇਵਲ ਬਾਹਰੋਂ ਹੀ ਨਾ ਚਮਕਾਈਏ, ਸੁੰਦਰਤਾ ਦਾ ਮਾਣ ਕਰ ਕੇ ਵਿਸ਼ੇ-ਵਿਕਾਰਾਂ ਵਿਚ ਖਚਤ ਨਾ ਹੋਈਏ ਸਗੋਂ ਸਾਬਤ ਸੂਰਤ ਰਹਿੰਦੇ ਹੋਏ, ਸਾਕਤ ਧੁਨੀਆਂ ਦਾ ਤਿਆਗ ਕਰ ਕੇ ਗੋਬਿੰਦ ਦੇ ਗੀਤ ਗਾਈਏ ਤੇ ਇਸ ਸਰੀਰ ਨੂੰ ਸਹੀ ਅਰਥਾਂ ਵਿਚ ਕੰਚਨ ਕਾਂਇਆ ਬਨਾਉਣ ਲਈ ਪੰਚਮ ਗੁਰਦੇਵ ਦੀਆਂ ਇਹਨਾਂ ਪਾਵਨ ਪੰਕਤੀਆਂ ਨੂੰ ਸਦਾ ਯਾਦ ਰਖੀਏ–

ਜਿਹ ਪ੍ਰਸਾਦਿ ਆਰੋਗ ਕੰਚਨ ਦੇਹੀ ॥ ਲਿਵ ਲਾਵਹੁ ਤਿਸੁ ਰਾਮ ਸਨੇਹੀ ॥੮॥ (ਸੁਖਮਨੀ)

www.AKJ.Org

# ਖਾਲਸਾ ਸੋਇ ਕਰੈ ਨਿਤ ਜੰਗ

[ਸ: ਮਦਨ ਸਿੰਘ ਜੀ, ਯੂ. ਕੇ.]

ਭਾ: ਕਾਨ੍ਹ ਸਿੰਘ ਜੀ ਨਾਭਾ 'ਗੁਰਮਤ ਸੁਧਾਕਰ' ਵਿਚ ਲਿਖਦੇ ਹਨ ਕਿ "ਤਨਖ਼ਾਹਨਾਮਾ, ਪ੍ਰਸ਼ਨ ਉਤਰ ਭਾਈ ਨੰਦ ਲਾਲ ਕਾ ਅਤੇ ਦਯਾ ਸਿੰਘ ਕਾ ਰਹਿਤਨਾਮਾ ਇਹ ਤਿੰਨੇ ਗ੍ਰੰਥ ਪ੍ਰੇਮੀ ਸਿਖਾਂ ਨੇ ਭਾਈ ਨੰਦ ਲਾਲ ਜੀ ਵਲੋਂ ਪ੍ਰਸ਼ਨ ਕਰ ਕੇ ਦਸਮੇਸ਼ ਦੇ ਉਤਰ ਰੂਪ ਲਿਖੇ ਹਨ।" ਉਪਰੋਕਤ ਪੰਗਤੀ ਤਨਖ਼ਾਨਾਮਾ ਵਿਚੋਂ ਹੈ। ਇਸ ਦੀ ਵਿਆਖਿਆ ਕਰਦੇ ਹੋਏ ਭਾਈ ਕਾਨ੍ਹ ਸਿੰਘ ਜੀ ਲਿਖਦੇ ਹਨ—"ਯੁੱਧ ਵਿਦਯਾ ਅਤੇ ਸ਼ਸਤ੍ਰਾਂ ਦਾ ਨਿਤ ਅਭਯਾਸ ਕਰੇ, 'ਮੁਖ ਤੇ ਹਰਿ ਚਿਤ ਮੇ ਯੁੱਧ ਵਿਚਾਰੇ' ਇਸ ਪਰ ਅਮਲ ਕਰੇ, ਇਸ ਦਾ ਇਹ ਭਾਵ ਨਹੀਂ ਕਿ ਲੋਕਾਂ ਨਾਲ ਝਗੜਾ ਅਤੇ ਦੰਗਾ ਕਰੇ।"

ਇਸ ਜੰਗ ਦਾ ਇਹ ਮਤਲਬ ਭੀ ਨਹੀਂ ਕਿ ਇਹ ਜਹਾਦ ਕਿਸੇ ਕੌਮ ਜਾਂ ਮੁਲਕ ਦੇ ਖ਼ਿਲਾਫ਼ ਹੈ। ਜਿਥੇ ਇਹ ਧਰਮ ਦੀ ਰੱਖਿਆ ਲਈ ਧਰਮ-ਯੁਧ ਹੈ, ਉਥੇ ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਨੂੰ ਮਾਰਨ ਲਈ ਅਤੇ ਪੰਥ ਵਿਚ ਆ ਚੁਕੀਆਂ ਕੁਰੀਤੀਆਂ ਤੇ ਵਹਿਮਾਂ ਭਰਮਾਂ ਦੇ ਖ਼ਿਲਾਫ਼ ਲੜੀ ਜਾਣ ਵਾਲੀ ਜੰਗ ਹੈ।

ਸਿਖ ਅੰਮ੍ਰਿਤ ਛਕਣ ਸਮੇਂ ਆਪਣੇ ਗੁਰੂ ਨੂੰ ਬਚਨ ਦਿੰਦਾ ਹੈ ਕਿ ਉਹ ਸਦਾ ਇਹਨਾਂ ਬੁਰਾਈਆਂ ਨੂੰ ਦੂਰ ਕਰਨ ਲਈ ਜਦੋ ਜਿਹਦ ਕਰਦਾ ਰਹੇਗਾ। ਗੁਰਸਿਖੀ ਦੀ ਦਾਤਿ 'ਕੰਨਾ-ਮੰਨਾ ਫੂਰ' ਵਾਲੀ ਗੱਲ ਨਹੀਂ। ਇਸ ਬਖ਼ਸ਼ਿਸ਼ ਦੇ ਪਾਤਰ ਬਨਣ ਲਈ ਬੜੀ ਘਾਲਣਾ ਦੀ ਲੋੜ ਹੈ। ਫ਼ੁਰਮਾਨ ਹੈ :—

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੨੦॥ (੧੪੧੨)

ਸਿਖੀ ਦੇ ਮਹੱਲ ਨੂੰ ਦਸਾਂ ਪਾਤਸ਼ਾਹੀਆਂ ਨੇ ਧੁਰੋਂ ਆਇ ਇਕ ਖਾਸ ਪ੍ਰੋਗਰਾਮ ਰਾਹੀਂ ਉਸਾਰਿਆ। ਇਸ ਦੀਆਂ ਨੀਹਾਂ ਨੂੰ ਨੰਨ੍ਹੇ ਨੰਨ੍ਹੇ ਬੱਚਿਆਂ ਤੇ ਅਨੇਕਾਂ ਸਿੰਘ-ਸਿੰਘਣੀਆਂ ਨੇ ਖ਼ੂਨ ਦੇ ਕੇ ਪੱਕਿਆਂ ਕੀਤਾ।

ਅੱਜ ਦੁਨੀਆ ਦੇ ਕੋਨੇ ਕੋਨੇ ਵਿਚ ਸਿਖ-ਗੁਰਦੁਆਰੇ ਕਾਇਮ ਕੀਤੇ ਜਾ ਰਹੇ ਹਨ ਤੇ ਨਿਸ਼ਾਨ ਸਾਹਿਬ ਝੁਲ ਰਹੇ ਹਨ। ਦੇਖਣ ਨੂੰ ਬੇਅੰਤ ਲੱਛੇਦਾਰ ਢੰਗਾਂ ਨਾਲ ਸਿਖੀ ਪ੍ਰਚਾਰ ਹਰ ਪਿੰਡ, ਹਰ ਸ਼ਹਿਰ ਗਲੀ ਮਹੱਲੇ ਦੇ ਗੁਰਦੁਆਰਿਆਂ ਵਿਚ ਅਖੰਡ ਪਾਠ, ਸਹਿਜ ਪਾਠ ਸੰਪਟ, ਪਾਠ, ਗਿਆਨ ਗੋਸ਼ਟੀਆਂ ਤੇ ਕੀਰਤਨ ਦਰਬਾਰਾਂ ਰਾਹੀਂ ਹੋ ਰਿਹਾ ਹੈ। ਕਈ ਥਾਵਾਂ ਤੇ ਦੇਖਣ ਵਿਚ ਆਇਆ ਹੈ (ਖਾਸ ਕਰਕੇ ਪੰਜਾਬ ਵਿਚ) ਮਲੋ ਮਲੀ ਲਾਊਡ ਸਪੀਕਰਾਂ ਰਾਹੀਂ ਲੋਕਾਂ ਦੇ ਕੰਨੀਂ ਗੁਰਬਾਣੀ ਪਾਉਣ ਦਾ ਪਰਉਪਕਾਰ ਕੀਤਾ ਜਾਂਦਾ ਹੈ। ਯੂ. ਕੇ. ਵਿਚ ਭੀ ਕਈ ਗੁਰਦੁਆਰਿਆਂ ਵਿਚ ਅਖੰਡ ਪਾਠਾਂ ਦੀਆਂ ਲੜੀਆਂ ਚਲ ਰਹੀਆਂ ਹਨ, ਕਥਾ ਕੀਰਤਨ ਦੇ ਪ੍ਰੋਗਰਾਮ ਅਤੇ ਅੰਮ੍ਰਿਤ ਪ੍ਰਚਾਰ ਹੋ ਰਹੇ ਹਨ। ਮੁਖੀ ਪੰਥਕ ਮਾਸਕ ਪਤਰਾਂ ਅਤੇ ਗਜ਼ਟਾਂ ਵਿਚ ਭੀ ਧਰਮ ਪਰਚਾਰ ਅਤੇ ਅੰਮ੍ਰਿਤ ਪਰਚਾਰ ਦੇ ਲੰਬੇ ਚੌੜੇ ਅੰਕੜੇ ਹਰ ਮਹੀਨੇ ਦਿਤੇ ਹੁੰਦੇ ਹਨ ਅਤੇ ਲਖਾਂ ਰੁਪਏ ਧਰਮ ਪਰਚਾਰ ਲਈ ਖਰਚ ਕੀਤੇ ਜਾਂਦੇ ਹਨ।

ਸਵਾਲ ਪੈਦਾ ਹੁੰਦਾ ਹੈ ਜਦ ਐਡੀ ਪੱਧਰ ਤੇ ਸਿਖ ਪ੍ਰਚਾਰ ਹੋ ਰਿਹਾ ਹੈ ਤਾਂ ਚਿੰਤਾ ਕਿਉਂ ? ਸਿਰਫ਼ ਥੋੜਾ ਘੋਖਣ ਨਾਲ ਕੁਛ ਤੱਤ ਸਾਹਮਣੇ ਆਉਂਦੇ ਹਨ। ਕੀ ਸਚਮੁਚ ਆਪਣਾ ਜੀਵਨ ਗੁਰਬਾਣੀ ਦੇ ਦ੍ਰਿੜ੍ਹਾਏ ਰਸਤੇ ਤੇ ਚਲਾ ਰਹੇ ਹਾਂ ? ਕਿਧਰੇ ਪਾਖੰਡ ਦੇ ਟੋਏ ਵਿਚ ਤਾਂ ਨਹੀਂ ਡਿਗ ਰਹੇ ?

ਸ਼ਸ਼ਤਰ ਬਸਤਰ ਧਾਰੀ ਹੋਣਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਹੁਕਮ ਹੈ, ਪਰ ਗੁਰੂ ਗਰੰਥ ਸਾਹਿਬ ਵਿਚ ਬਾਣੀ ਰਾਹੀਂ ਦ੍ਰਿੜ੍ਹਾਈ ਗੁਰਮਤਿ ਮਰਯਾਦਾ ਤੇ ਅਮਲ ਕੀਤੇ ਬਿਨਾਂ ਬਾਹਰਲੀ ਰਹਿਤ ਇਕ ਫੋਕਟ ਕਰਮ ਹੀ ਬਣ ਜਾਂਦਾ ਹੈ। ਫੋਕਟ ਕ੍ਰਿਆ ਨੂੰ ਗੁਰੂ ਸਾਹਿਬ ਨੇ "ਕੂਰ ਕ੍ਰਿਆਂ" ਆਖਿਆ ਹੈ। ਅੰਦਰ ਤੇ ਬਾਹਰ ਦੀ



www.AKJ.Org

ਮਰਯਾਦਾ ਦਾ ਇਕ-ਸੁਰ ਹੋਣਾ ਅਤੀ ਜ਼ਰੂਰੀ ਹੈ, ਜਿਵੇਂ ਸਰੀਰ ਤੇ ਰੂਹ ਦੇ ਮੇਲ ਨਾਲ ਹੀ ਜੀਵਨ-ਗਡੀ ਚਲਦੀ ਹੈ। ਸਿਖ ਧਰਮ ਸੁਚਾ ਜੀਵਨ ਜੀਉਣਾ ਸਿਖਾਉਂਦਾ ਹੈ, ਥੋਥਾ ਫ਼ਲਸਫ਼ਾ ਨਹੀਂ। ਗੁਰ-ਸ਼ਬਦ ਦਾ ਜਾਪ ਕੀਤਿਆਂ ਅਸੀਂ ਸਚਿਆਰ ਸਿਖ ਬਣ ਸਕਦੇ ਹਾਂ। ਅੰਦਰਲੀ ਰਹਿਤ ਮਰਯਾਦਾ ਬਾਰੇ ਸਤਿਗੁਰੂ ਦੀ ਬਾਣੀ ਇਉਂ ਪੁਕਾਰਦੀ ਹੈ ੧. ਜਾਲਉ ਐਸੀ ਰੀਤਿ, ਜਿਤੁ ਮੈ ਪਿਆਰਾ ਵੀਸਰੈ ॥ (ਪੰਨਾ ੫੯੦)

੨. ਦੁਲਭ ਦੇਹ ਪਾਈ ਵਡਭਾਗੀ ॥ ਨਾਮੁ ਨ ਜਪਹਿ ਤੇ ਆਤਮਘਾਤੀ ॥ (੧੮੮)

੩. ਸਚਹੁ ਓਰੈ ਸਭੁ ਕੋ, ਉਪਰਿ ਸਚੁ ਆਚਾਰੁ ॥੫॥ (੬੨)

੪. ਫਰੀਦਾ ਬੁਰੇ ਦਾ ਭਲਾ ਕਰਿ, ਗੁਸਾ ਮਨਿ ਨ ਹਢਾਇ ॥੭੮॥ (੧੩੮੨)

੫. ਐਸਾ ਕੰਮੁ ਮੂਲੇ ਨ ਕੀਚੈ, ਜਿਤੁ ਅੰਤਿ ਪਛੋਤਾਈਐ ॥੧੧॥ (੯੧੮)

੬. ਹਕੁ ਪਰਾਇਆ ਨਾਨਕਾ, ਉਸੁ ਸੂਅਰ ਉਸੁ ਗਾਇ ॥ ਮ: ੧ (੧੪੧)

੭. ਕੂੜੁ ਬੋਲਿ ਮੁਰਦਾਰੁ ਖਾਇ ॥ ਸਲੋਕ ਮ: ੧ ਪੰਨਾ ੧੪੦

੮. ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥ (੧੨੪੫)

੯. ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ ॥ ਸਲੋਕ ਮ: ੩ (੫੫੪)

੧੦. ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥ ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥ (੧੬)

੧੧ ਮੋਹਿ,ਬਾਦਿ,ਅਹੰਕਾਰਿ ਸਰਪਰ ਰੁੰਨਿਆ ॥ ਸੁਖੁ ਨ ਪਾਇਨਿ੍ ਮੂਲਿ ਨਾਮ ਵਿਛੁੰਨਿਆ ॥੨॥(੭੬੧)

ਇਨ੍ਹਾਂ ਆਦੇਸ਼ਾਂ ਤੋਂ ਭਲੀ ਪ੍ਰਕਾਰ ਸਿਧ ਹੁੰਦਾ ਹੈ ਕਿ ਸਿਖ ਨੇ ਉਹੋ ਹੀ ਕੰਮ ਕਰਨਾ ਹੈ ਜਿਸ ਨਾਲ ਮਾਨਸਿਕ, ਆਤਮਿਕ ਤੇ ਸਰੀਰਕ ਵਿਕਾਸ ਹੋਵੇ। ਸਤਿਗੁਰੂ ਜੀ ਨੇ ਸਾਨੂੰ ਸ਼ਬਦ ਦੇ ਲੜ ਲਾਇਆ ਹੈ। ਸ਼ਬਦ ਹੀ ਸਾਡਾ ਇਸ਼ਟ ਹੈ। ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥੪੪॥ (੯੪੩)

ਅਤੇ—ਬਾਣੀ ਗੁਰੂ ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥੫॥ (੯੮੨)

ਸ਼ਬਦ ਦੀ ਕਮਾਈ ਨਾਲ ਅਸੀਂ ਆਪਣਾ ਜੀਵਨ ਸੁਧਾਰ ਸਕਦੇ ਹਾਂ ਅਤੇ ਇਸੇ ਨਾਲ ਹੀ ਪੰਥ ਵਿਚ ਆ ਚੁਕੀਆਂ ਬੁਰਿਆਈਆਂ ਦਾ ਖ਼ਾਤਮਾ ਕਰ ਸਕਦੇ ਹਾਂ। ਇਸ ਰਸਤੇ ਤੇ ਚਲਣ ਲਈ ਉਦਮ ਦੀ ਲੋੜ ਹੈ। ਫਿਰ "ਸਤਿਗੁਰੂ ਕੋਟਿ ਪੈਂਡਾ ਆਗੈ ਹੋਇ ਲੇਤ ਹੈਂ"। ਪਰ ਬਦਕਿਸਮਤੀ ਨਾਲ ਗੁਰਬਾਣੀ ਦੇ ਅਰਥ ਆਪਣੀ ਸੁਆਰਥ-ਸਿਧੀ ਲਈ ਕਰਦੇ ਹਨ। ਮਿਸਾਲ ਦੇ ਤੌਰ ਤੇ ਪਾਖੰਡੀ ਸਾਧ "ਸੰਤ ਪਦ" ਆਪਣੇ ਆਪ ਤੇ ਘਟਾ ਕੇ, ਆਪਣੇ ਆਪ ਨੂੰ ਬ੍ਰਹਮ ਗਿਆਨੀ ਸਾਬਤ ਕਰਦੇ ਹਨ।ਇਸੇ ਤਰ੍ਹਾਂ ਮ੍ਰਿਤਕ ਸੰਸਕਾਰ ਸਮੇਂ ਰਾਗੀ ਸਿੰਘ "ਗੁਰਮੁਖਿ ਜਨਮ ਸਵਾਰਿ ਦਰਗਹ ਚਲਿਆ" ਦੇ ਭਾਵ ਵਾਲੇ ਸ਼ਬਦ ਪੜ੍ਹਦੇ ਹਨ, ਸਿਰਫ਼ ਰਿਸ਼ਤੇਦਾਰਾਂ ਨੂੰ ਖੁਸ਼ ਕਰਨ ਲਈ, ਭਾਵੇਂ ਮਰਨ ਵਾਲਾ ਪ੍ਰਾਣੀ ਕਿੱਡਾ ਹੀ ਕੁਕਰਮੀ ਹੋਵੇ। ਇਹੋ ਜਿਹੀਆਂ ਬੇਅੰਤ ਹੀ ਮਿਸਾਲਾਂ ਮਿਲ ਸਕਦੀਆਂ ਹਨ। ਜਦ ਅਸੀਂ ਗੁਰਬਾਣੀ ਦੇ ਆਸ਼ੇ ਮੁਤਾਬਿਕ ਚਲਦੇ ਨਹੀਂ, ਗੁਰੂ ਪਾਤਸ਼ਾਹ ਕਿਵੇਂ ਸਹਾਈ ਹੋ ਸਕਦੇ ਹਨ? ਫ਼ੁਰਮਾਨ ਹੈ :—

ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ ॥੧੫੮॥ (੧੩੭੨)

ਜਥੇਦਾਰ ਬਣੇ ਰਹਿਣ ਦੀ ਖ਼ਾਹਿਸ਼ ਨੇ ਸਿਖ ਧਰਮ ਨੂੰ ਬਹੁਤ ਨੁਕਸਾਨ ਪਹੁੰਚਾਇਆ ਹੈ। ਹਉਮੈ ਨੂੰ ਪਠੇ ਪਾਉਣ ਲਈ ਕਈ ਅਖੌਤੀ ਲੀਡਰ ਬਣੇ ਫਿਰਦੇ ਹਨ। ਕਈਆਂ ਨੇ ਇਕ ਪਾਰਟੀ ਵਿਚ ਚੌਧਰ ਨਾ ਮਿਲਣ ਤੇ ਨਵੀਂ ਪਾਰਟੀ ਕਾਇਮ ਕਰ ਲੈਣ ਦਾ ਧੰਦਾ ਬਣਾਇਆ ਹੁੰਦਾ ਹੈ। ਯੂ. ਕੇ. ਅਤੇ ਭਾਰਤ ਵਿਚ ਕਈ ਅਕਾਲੀ ਦਲ ਤੇ ਹੋਰ ਕਈ ਸਿਖ ਸੰਸਥਾਵਾਂ ਪੈਦਾ ਹੋ ਚੁਕੀਆਂ ਹਨ। ਇਸੇ ਤਰ੍ਹਾਂ ਨਿਤ ਨਵੇਂ ਗੁਰਦੁਆਰੇ ਕਾਇਮ ਕਰਨ ਦਾ ਤਰੀਕਾ ਜਾਰੀ ਹੈ। ਤਿਆਗ ਦਾ ਜਜ਼ਬਾ ਖੰਭ ਲਾ ਕੇ ਉਡਾਰੀ ਮਾਰ ਗਿਆ ਜਾਪਦਾ ਹੈ। ਹਰ ਕੋਈ ਲੀਡਰ



www.AKJ.Org

ਬਨਣਾ ਚਾਹੁੰਦਾ ਹੈ। ਪਰ–"ਵਿਣੁ ਸੇਵਾ ਧ੍ਰਿਗ ਹਥ ਪੈਰ, ਹੋਰ ਨਿਹਫਲ ਕਰਨੀ" ਦੀ ਸਚਾਈ ਨੂੰ ਨਹੀਂ ਸਮਝਦਾ। ਨਵਾਬ ਕਪੂਰ ਸਿੰਘ ਤੇ ਭਾਈ ਕਨ੍ਹਈਆ ਜੀ ਸਮਾਨ ਸੇਵਾ ਪੁੰਜ, ਮਹਾਨ ਸ਼ਖਸੀਅਤਾਂ ਅਲੋਪ ਹੋ ਗਈਆਂ ਜਾਪਦੀਆਂ ਹਨ। ਇਨ੍ਹਾਂ ਜਥੇਦਾਰਾਂ ਨੂੰ ਗੁਰੂ ਦੇ ਬਚਨ "ਗੁਰਮੁਖਿ ਨਿਮਾਣਾ ਹੋਹੁ" ਤੇ ਅਮਲ ਕਰਨਾ ਭੁਲ ਗਿਆ ਹੈ।

**ਜ਼ਾਤ ਪਾਤ ਦਾ ਕੋਹੜ**–ਸ੍ਰੀ ਗੁਰੂ ਨਾਨਕ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ, ਭਾਵ ਦਸਾਂ ਪਾਤਸ਼ਾਹੀਆਂ ਨੇ ਹੀ ਇਸ ਕੋਹੜ ਤੋਂ ਬਚਣ ਲਈ ਅਨੇਕਾਂ ਵਾਰ ਤਾੜਨਾ ਕੀਤੀ। ਸ੍ਰੀ ਗੁਰੂ ਗਰੰਥ ਸਾਹਿਬ ਦੀ ਰਚਨਾ ਕਰਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਚੀ ਤੇ ਸਚੀ ਸੇਧ ਦਿਤੀ। ਸੰਪਾਦਨਾ ਸਮੇਂ ਭਗਤ ਕਬੀਰ, ਨਾਮਦੇਵ, ਬਾਬਾ ਫ਼ਰੀਦ, ਰਵੀਦਾਸ ਚਮਾਰ, ਸੈਣ ਨਾਈ ਆਦਿ ਭਗਤਾਂ ਦੀ ਬਾਣੀ ਸ਼ਾਮਲ ਕਰਕੇ ਊਚ ਨੀਚ ਤੇ ਜ਼ਾਤ ਪਾਤ ਦੇ ਭਿੰਨ-ਭੇਦ ਮਿਟਾ ਦਿੱਤੇ। ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੀ ਨੀਂਹ ਸਾਈਂ ਮੀਆਂ ਮੀਰ ਜੀ ਤੋਂ ਰਖਵਾਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਾਹਿਰ ਕਲਾ ਵਰਤਾ ਕੇ ਪੰਜਾਂ ਪਿਆਰਿਆਂ ਦੀ ਚੋਣ ਸਭ ਜਾਤੀਆਂ ਵਿਚੋਂ ਇਕ-ਸਮਾਨ ਕੀਤੀ। ਅੰਮ੍ਰਿਤ ਦਾ ਬਾਟਾ ਤਿਆਰ ਕਰਕੇ ਪੰਜਾਂ ਨੂੰ ਛਕਾਇਆ, ਫਿਰ ਪੰਜਾਂ ਤੋਂ ਆਪ ਛੱਕ ਕੇ ਊਚ ਨੀਚ ਦਾ ਭਿੰਨ-ਭੇਦ ਮਿਟਾ ਦਿੱਤਾ। ਬਚਨ ਕੀਤਾ :–

ਖਾਲਸਾ ਮੇਰੋ ਰੂਪ ਹੈ ਖਾਸ॥ ਖਾਲਸੇ ਮਹਿ ਹਉਂ ਕਰਹੁ ਨਿਵਾਸ॥

ਅਤੇ ਹੋਰ ਬੇਅੰਤ ਵਰ ਦੇ ਕੇ ਗਰੀਬ ਸਿਖ ਨੂੰ ਸਰਦਾਰੀ ਤੇ ਪਾਤਸ਼ਾਹੀ ਬਖਸ਼ੀ। ਪਰ ਅਫ਼ਸੋਸ ! ਇੰਨੀ ਵੱਡੀ ਗੁਰੂ ਪਾਤਸ਼ਾਹ ਦੀ ਘਾਲਣਾ ਤੋਂ ਅਸੀਂ ਕੁਝ ਭੀ ਨਾ ਸਿਖਿਆ। ਬਰਾਦਰੀ ਦੀ ਦਲਦਲ ਵਿਚ ਫਸੇ ਰਹੇ। ਬਰਾਦਰੀਆਂ ਦੇ ਨਾਵਾਂ ਤੇ ਗੁਰਦੁਆਰੇ ਕਾਇਮ ਕੀਤੇ ਜਾ ਰਹੇ ਹਨ। ਯੂ. ਕੇ. ਵਿਚ ਰਾਮਗੜ੍ਹੀਆ ਗੁਰਦੁਆਰਾ, ਜੱਟਾਂ ਦਾ ਗੁਰਦੁਆਰਾ, ਰਵੀਦਾਸੀਆਂ ਦਾ ਗੁਰਦਵਾਰਾ, ਭਾਟੜਾ ਬਰਾਦਰੀ ਦਾ ਗੁਰਦੁਆਰਾ ਆਮ ਦੇਖਣ ਵਿਚ ਆਉਂਦੇ ਹਨ। ਗੁਰੂ-ਘਰ ਸ਼ਾਂਤੀ ਦੇ ਸੋਮੇ ਹਨ, ਜਿਥੋਂ ਸਾਨੂੰ ਸਤਿ ਸੰਤੋਖ ਦਾ ਸਬਕ ਸਿਖਣਾ ਚਾਹੀਦਾ ਹੈ, ਉਸੇ ਦੀਆਂ ਵੰਡੀਆਂ ਪਾਉਣਾ ਇਕ ਵੱਡੀ ਭੁਲ ਹੈ। ਪੰਥ ਦੇ ਮੁਹਾਣਿਆਂ ਨੂੰ ਇਸ ਵਧ ਰਹੇ ਰੋਗ ਵਲ ਧਿਆਨ ਦੇਣਾ ਚਾਹੀਦਾ ਹੈ।

ਅਖੰਡ-ਪਾਠ ਵੀ ਇਕ ਰਸਮੀ ਗੱਲ ਬਣਦੀ ਜਾ ਰਹੀ ਹੈ। ਕਿਸੇ ਪਾਸ ਪਾਠ ਕਰਨ ਜਾਂ ਸੁਨਣ ਲਈ ਸਮਾਂ ਹੀ ਨਹੀਂ ਹੈ। ਮਾਇਆ ਦੇ ਕੇ ਕੀਤਾ-ਕਰਾਇਆ ਪਾਠ ਝਟ-ਸਾਰਨ ਲਈ ਮੁੱਲ ਮਿਲ ਜਾਂਦਾ ਹੈ। ਇਹ ਸਤਿਗੁਰੂ ਜੀ ਦੇ ਹੁਕਮਾਂ ਦੀ ਉਲੰਘਣਾ ਹੈ। "ਸੁਣਿਆ ਮੰਨਿਆ ਮਨਿ ਕੀਤਾ ਭਾਉ" ਤੇ ਅਮਲ ਨਹੀਂ ਕਰਦੇ। ਅਖੰਡ ਪਾਠ ਦੇ ਭੋਗ ਬਾਅਦ ਕਈ ਜਗ੍ਹਾ ਸ਼ਰਾਬ ਤੇ ਮੀਟ ਦੇ ਦੌਰ ਚਲਦੇ ਹਨ ਤੇ ਭੰਗੜੇ ਪੈਂਦੇ ਹਨ। ਨਾਲ ਹੀ ਨਿੰਦਿਆ ਚੁਗਲੀ ਦਾ ਬਾਜ਼ਾਰ ਗਰਮ ਕਰ ਦਿੰਦੇ ਹਨ। ਗੁਰਬਾਣੀ ਦੇ ਪਾਠ ਤੋਂ ਆਪਾਂ ਕੁਝ ਭੀ ਨਾ ਸਿਖਿਆ। ਇਸ ਤਰ੍ਹਾਂ ਕੀਤਾ ਪਾਠ ਕਿਵੇਂ ਲਾਭਦਾਇਕ ਹੋ ਸਕਦਾ ਹੈ ? ਬਲਕਿ ਅਸੀਂ ਤਾਂ ਗੁਰਬਾਣੀ ਦੀ ਬੇਅਦਬੀ ਕਰਕੇ ਪਾਪਾਂ ਦੇ ਭਾਗੀ ਬਣਦੇ ਹਾਂ।

ਕੀਰਤਨ ਦਰਬਾਰ ਭੀ ਅਜ ਕਲ੍ਹ ਬਹੁਤ ਹੋ ਰਹੇ ਹਨ। ਇਹ ਭੀ ਗੁਰਬਾਣੀ ਪ੍ਰਚਾਰ ਨੂੰ ਮੁਖ ਰਖ ਕੇ ਨਹੀਂ ਕੀਤੇ ਜਾਂਦੇ। ਇਸ ਪਿਛੇ ਭੀ ਚੌਧਰ ਦੀ ਭੁੱਖ ਤੇ ਮਾਇਆ ਇਕੱਠੀ ਕਰਨ ਦੀ ਚਾਲ ਹੁੰਦੀ ਹੈ। ਯੂ. ਕੇ. ਵਿਚ ਕਈ ਕੀਰਤਨੀ ਜਥੇ ਭਾਰਤ ਤੋਂ ਆਇ ਰਹਿੰਦੇ ਹਨ। ਇਸੇ ਤਰ੍ਹਾਂ ਕਈ ਸੰਤ ਮਹਾਤਮਾ ਵੀ ਪਧਾਰੇ ਹੋਏ ਹਨ। ਇਹ ਆਮ ਸਵਾਲ ਕੀਤਾ ਜਾਂਦਾ ਹੈ ਕਿ ਇਹ ਗੁਰੂ ਕੇ ਕੀਰਤਨੀਏ (ਨਹੀਂ ਨਹੀਂ ਮਾਇਆ ਦੇ ਪੁਜਾਰੀ) ਤੇ ਅਖੌਤੀ ਸੰਤ ਮਹਾਤਮਾ ਹਿੰਦੁਸਤਾਨ ਖਾਸ ਕਰ ਪੰਜਾਬ ਵਿਚ, ਜਿਹੜਾ ਕਿ ਸਿਖਾਂ ਦੀ ਜਨਮ-ਭੂਮੀ ਹੈ, ਉਥੇ ਪ੍ਰਚਾਰ ਕਿਉਂ ਨਹੀਂ ਕਰਦੇ ? ਹਰ ਕੋਈ ਜਾਣਦਾ ਹੈ ਕਿ ਪੰਜਾਬ ਵਿਚ ਸਿਖ ਨੌਜਵਾਨ ਦਾੜ੍ਹੀ ਕਟਣੀ, ਨਸ਼ਿਆਂ ਦਾ ਇਸਤਿਮਾਲ ਤੇ ਹੋਰ ਕੁਕਰਮਾਂ ਦਾ ਸ਼ੈਦਾਈ ਬਣਦਾ ਜਾ ਰਿਹਾ ਹੈ। ਸਿਖੀ ਨੂੰ ਡਾਢੀ ਢਾਹ ਲਗੀ ਹੋਈ ਹੈ। ਇਹ



www.AKJ.Org

ਪ੍ਰਚਾਰਕ ਕਿਉਂ ਆਪਣੀ ਗੁਰੂ ਦੀ ਧਰਤੀ ਛਡ ਕੇ ਬਾਹਰ ਪ੍ਰਦੇਸਾਂ ਨੂੰ ਦੌੜ ਰਹੇ ਹਨ ? ਕਾਰਨ ਸਾਫ਼ ਹੈ। ਉਥੋਂ ਮਿਲੇ ਮਾਇਆ ਦੇ ਗਫਿਆਂ ਨਾਲ ਇਨ੍ਹਾਂ ਦੀ ਭੁੱਖ ਮਿਟਦੀ ਨਹੀਂ, ਸਗੋਂ ਹੋਰ ਹੋਰ ਵਧੇਰੇ ਇਕੱਠੀ ਕਰਨ ਲਈ ਇਹ ਨੱਸ-ਭਜ ਕਰਦੇ ਹਨ। ਇਸ ਲਈ ਇਨ੍ਹਾਂ ਮਹਾਤਮਾਂ ਤੇ ਕੀਰਤਨੀਆਂ ਨੂੰ ਉਥੇ ਪ੍ਰਚਾਰ ਕਰਨ ਵਿਚ ਅਨੰਦ ਨਹੀਂ ਆਉਂਦਾ ਅਤੇ ਪੌਂਡਾਂ ਦੀ ਝਲਕ ਇਹਨਾਂ ਨੂੰ ਵਲੈਤ ਆਉਣ ਲਈ ਧੂਹ ਪਾਉਂਦੀ ਹੈ। ਗੁਰੂ ਪਾਤਸ਼ਾਹ ਨੇ ਇਨ੍ਹਾਂ ਪ੍ਰਥਾਇ ਫੁਰਮਾਇਆ ਹੈ–"ਰੋਟੀਆ ਕਾਰਣਿ ਪੂਰਹਿ ਤਾਲ ॥"

ਇਸ ਤਰ੍ਹਾਂ ਮਾਇਆ ਇਕੱਠੀ ਕਰਨ ਵਾਲੇ ਪਾਖੰਡੀ ਮਸੰਦ ਹੀ ਬਣ ਜਾਂਦੇ ਹਨ, ਜਿਹਨਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਤੱਤੇ ਤੇਲ ਦੇ ਕੜਾਹੇ ਵਿਚ ਤਲਿਆ ਸੀ। ਸੋ ਮਾਇਆ ਭੇਟ ਕਰਨੀ ਤੇ ਪਰਵਾਨ ਕਰਨੀ ਇਕ ਵੱਡੀ ਬਿਮਾਰੀ ਹੈ। ਭਾਵ, ਕੁਕਰਮੀ ਤੇ ਕੰਮ-ਚੋਰ ਬਨਣ ਲਈ ਹੱਲਾ-ਸ਼ੇਰੀ ਦੇਣੀ ਹੈ। ਕੌਮ ਨੂੰ ਸੁਚੇਤ ਹੋਣ ਦੀ ਲੋੜ ਹੈ।

ਵਿਆਹ-ਸ਼ਾਦੀਆਂ ਸਮੇਂ ਕਈ ਫ਼ਜ਼ੂਲ ਰਸਮਾਂ ਚਾਲੂ ਹੋ ਗਈਆਂ ਹਨ। ਲੜਕੀ ਦਾ ਲੜਕੇ ਦੇ ਗਲ ਵਿਚ ਜੈਮਾਲਾ ਪਾਉਣਾ, ਮੀਟ, ਸ਼ਰਾਬ ਤੇ ਭੰਗੜੇ ਆਦਿ, ਬੇਅੰਤ ਖਰਚੇ ਕਰਨੇ ਅਤੇ ਦਾਜ ਦਹੇਜ ਦੀ ਲਾਹਨਤ ਸਿੱਖ-ਕੌਮ ਨੂੰ ਗਲਤ ਰਸਤੇ ਪਾ ਰਹੀ ਹੈ। ਇਹ ਹਿੰਦਵਾਇਣ ਰਸਮਾਂ ਦੀ ਨਕਲ ਹੈ। ਫੋਕੀ ਸ਼ਾਨ ਕਾਇਮ ਰੱਖਣ ਲਈ ਕਈ ਪਰਵਾਰ ਕਰਜ਼ਾਈ ਤੇ ਬਰਬਾਦ ਹੋ ਜਾਂਦੇ ਹਨ। ਇਸ ਲਾਹਨਤ ਤੋਂ ਬਚਣ ਲਈ ਗੁਰਦੇਵ ਨੇ ਸਾਨੂੰ ਸਿੱਧਾ ਸਾਦਾ **ਅਨੰਦ ਕਾਰਜ** ਦਾ ਤਰੀਕਾ ਦਸਿਆ ਹੈ। ਅਸੀਂ ਆਪਣੀ ਪੈਰੀਂ ਆਪ ਕੁਹਾੜਾ ਮਾਰ ਰਹੇ ਹਾਂ। ਗਲਤ ਰਸਮਾਂ ਵਿਚ ਫਸ ਕੇ ਆਪਣੀ ਹੋਂਦ ਗੁਆ ਰਹੇ ਹਾਂ।

**ਬੁੱਤ ਪੂਜਾ–** ਬੁਤ ਪੂਜਿ ਪੂਜਿ ਹਿੰਦੂ ਮੂਏ, ਤੁਰਕ ਮੂਏ ਸਿਰੁ ਨਾਈ ॥ [ਸੋਰਠਿ ਕਬੀਰ ਜੀ, ੬੫੪

ਵਿੰਗੇ ਟੇਢੇ ਤਰੀਕਿਆਂ ਨਾਲ ਮੂਰਤੀ ਪੂਜਣ ਦੀ ਬੀਮਾਰੀ ਕਈ ਮਨਮਤੀ ਸਿੱਖਾਂ ਵਿਚ ਘੁਸੜਦੀ ਆ ਰਹੀ ਹੈ। ਗੁਰੂ ਸਾਹਿਬ ਦੀਆਂ ਮਨ-ਘੜਤ ਫੋਟੋਆਂ ਨੂੰ ਸਿਹਰੇ ਆਦਿ ਪਾਉਣੇ, ਮੰਜੀ ਸਾਹਿਬ ਦੇ ਪਾਵਿਆਂ ਨੂੰ ਘੁਟਣਾ ਤੇ ਸਮਾਧਾਂ ਨੂੰ ਪੂਜਣਾ ਸਿੱਖ ਧਰਮ ਦੇ ਮੂਲਕ ਸਿਧਾਂਤਾਂ ਦੇ ਉਲਟ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਈ ਪ੍ਰਕਾਰ ਦੀਆਂ ਫੋਟੋ ਬਨਾਉਣ ਦੀ ਇਜਾਜ਼ਤ ਦੇ ਕੇ ਮਨਮੱਤ ਫੈਲਾਉਣ ਵਿਚ ਭਾਰੀ ਵਾਧਾ ਕੀਤਾ ਹੈ।

ਮ੍ਰਿਤਕ ਪ੍ਰਾਣੀ ਦੀਆਂ ਹੱਡੀਆਂ ਬ੍ਰਾਹਮਣੀ ਮਤ ਦੀ ਰੀਸ ਕਰ ਕੇ ਹਰਦੁਆਰ ਗੰਗਾ ਭੇਟ ਕਰਨ ਦੀ ਬਜਾਇ ਕੀਰਤਪੁਰ ਲਿਜਾਣ ਦੀ ਰੀਤ ਪ੍ਰਚੱਲਤ ਕੀਤੀ ਜਾ ਰਹੀ ਹੈ ਅਤੇ ਸਿਖ ਲੀਡਰਾਂ ਨੇ ਹੀ ਇਹ ਸੇਧ ਦਿੱਤੀ ਹੈ, ਜਿਹੜੀ ਕਿ ਮਨਮਤੀ ਭੇਡ-ਚਾਲ ਹੈ। ਯੂ ਕੇ. ਵਿਚੋਂ ਭੀ ਕਈਆਂ ਨੇ ਮ੍ਰਿਤਕਾਂ ਦੀਆਂ ਹੱਡੀਆਂ ਕੀਰਤਪੁਰ ਲੈ ਜਾ ਕੇ ਜਲ-ਪ੍ਰਵਾਹ ਕੀਤੀਆਂ ਤੇ ਕਰ ਰਹੇ ਹਨ। ਸਿੱਖ ਰਹਿਤ ਮਰਯਾਦਾ ਮੁਤਾਬਿਕ ਹੱਡੀਆਂ ਤੇ ਸੁਆਹ ਨੇੜੇ ਹੀ ਕਿਸੇ ਵਗਦੇ ਪਾਣੀ ਵਿਚ ਜਲ-ਪ੍ਰਵਾਹ ਕਰ ਦੇਣੀਆਂ ਚਾਹੀਦੀਆਂ ਹਨ ਜਾਂ ਟੋਆ ਪੁੱਟ ਕੇ ਦਬਾ ਦੇਣੀਆਂ ਚਾਹੀਦੀਆਂ ਹਨ।

ਯੂ ਕੇ. ਵਿਚ ਕਈ ਅੰਮ੍ਰਿਤਧਾਰੀ ਸਿੱਖ ਆਪਣੀਆਂ ਦੁਕਾਨਾਂ ਵਿਚ ਸਿਗਰਟ ਤੇ ਸ਼ਰਾਬ ਆਦਿ ਵੇਚਦੇ ਹਨ। ਸਿਗਰਟ ਜਾਂ ਤਮਾਕੂ ਪੀਣਾ ਜਾਂ ਵੇਚ ਕੇ ਕਮਾਈ ਖਾਣੀ ਇਕ ਬਰਾਬਰ ਹੈ। ਇਹ ਇਕ ਬੱਜਰ ਕੁਰਹਿਤ ਹੈ। ਇਹ ਭੱਦਰ ਪੁਰਸ਼ ਬਹਾਨਾ ਇਹ ਕਰਦੇ ਹਨ ਕਿ 'ਗਾਹਕ ਸਿਗਰਟ ਖਰੀਦਣ ਆਇਆ ਹੋਰ ਗਰੋਸਰੀ (ਦੁਕਾਨ ਦਾ ਸਮਾਨ) ਭੀ ਲੈ ਜਾਂਦਾ ਹੈ।' 'ਕਿਹੜਾ ਅਸੀਂ ਪੀਂਦੇ ਹਾਂ', 'ਹੱਥ ਨਾਲ ਪਕੜਾ ਹੀ ਦਿੰਦੇ ਹਾਂ।' ਲੋਭ ਲਾਲਚ ਵਿਚ ਫਸ ਕੇ ਸਤਿਗੁਰੂ ਜੀ ਦੇ ਹੁਕਮਾਂ ਨੂੰ ਭੁਲ ਕੇ ਪਤਿਤ ਕਰਮ ਕੀਤੇ ਜਾ ਰਹੇ ਹਨ।

ਇਸੇ ਤਰ੍ਹਾਂ ਹੋਰ ਬੇਅੰਤ ਕਮਜ਼ੋਰੀਆਂ ਸਾਡੇ ਵਿਚ ਆ ਚੁਕੀਆਂ ਹਨ। ਸਮੇਂ ਦੀ ਪੁਕਾਰ ਹੈ ਕਿ ਸਹੀ ਅਰਥਾਂ ਵਿਚ ਅਕਾਲੀ ਲਹਿਰ ਤੇ ਸਿੰਘ ਸਭਾ ਲਹਿਰ ਵਰਗੀਆਂ ਲਹਿਰਾਂ ਚਲਾ ਕੇ ਪੰਥ ਵਿਚ ਆ ਚੁਕੀਆਂ ਇਹਨਾਂ ਕੁਰੀਤੀਆਂ ਦਾ ਖਾਤਮਾ ਕੀਤਾ ਜਾਏ।



www.AKJ.Org

# ਰਾਧਾ ਸੁਆਮੀ-ਹਮਲੇ

ਗੁਰਮੁਖ ਦੰਪਤੀ ਦੇ ਦੋ ਨੌਜੁਆਨ ਬੱਚੇ ਭਾਣੇ ਵਿਚ ਅਚਾਨਕ ਹੀ ਐਕਸੀਡੈਂਟ ਨਾਲ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦਾ ਅਫ਼ਸੋਸ ਕਰਨ ਵਾਸਤੇ ਇਕ ਸਭ ਤੋਂ ਵਡਾ ਅਫ਼ਸਰ ਉਨ੍ਹਾਂ ਦੇ ਘਰ ਆਇਆ। ਇਹ ਅਫ਼ਸਰ ਰਾਧਾ ਸੁਆਮੀ ਸੀ। ਬੱਚਿਆਂ ਦੇ ਗੁਰਮੁਖ ਪਿਤਾ ਵੀ ਇਸੇ ਦਫ਼ਤਰ ਵਿਚ ਉਸ ਦੇ ਮਾਤਹਿਤ ਅਫ਼ਸਰ ਹਨ। ਇਥੇ ਇਹ ਭੀ ਦਸਣਾ ਜ਼ਰੂਰੀ ਹੈ ਕਿ ਇਹ ਰਾਧਾ ਸੁਆਮੀ ਅਫ਼ਸਰ ਗੁਰਮੁਖ ਵੀਰ ਦੀ ਗੁਰਸਿਖ ਰਹਿਣੀ ਤੇ ਸਦਾ ਉਟੰਕਣ ਕਰਦਾ ਰਹਿੰਦਾ ਸੀ। ਤੇ ਇਉਂ ਆਖਦਾ ਸੀ ਕਿ ਕਿਉਂ ਐਵੇਂ ਨਸੇ ਭਜੇ ਫਿਰਦੇ ਹੋ, ਕਦੇ ਇਧਰ ਸਮਾਗਮਾਂ ਤੇ ਅਤੇ ਕਦੇ ਉਧਰ ਸਮਾਗਮਾਂ ਤੇ। ਜੇ ਕਿਧਰੇ ਸਾਡਾ ਰਾਧਾ ਸੁਆਮੀਆਂ ਦਾ ਇਕ ਲੈਕਚਰ ਸੁਣ ਲਵੋ ਤਾਂ ਤੁਹਾਡੇ ਦਸਮ ਦੁਆਰ ਦੇ ਕਪਾਟ ਖੁਲ੍ਹ ਜਾਣ। ਅਗੋਂ ਇਹ ਗੁਰਮੁਖ ਵੀਰ ਜੀ ਉਸ ਦੀ ਕਪੋਲ ਕਥਨੀ ਤੇ ਭੁਲੜਪੁਣੇ ਤੇ ਹੱਸ ਛਡਦੇ।

ਜਦ ਇਹ ਅਫ਼ਸਰ ਇਨ੍ਹਾਂ ਦੇ ਘਰ ਆਇਆ ਤਾਂ ਘਰ ਵਿਚ ਬੱਚਿਆਂ ਦੀ ਮਾਤਾ, ਗੁਰਮੁਖ ਬੀਬੀ ਜੀ, ਬੜੀ ਗੰਭੀਰਤਾ ਵਿਚ ਅਡੋਲ ਬੈਠੇ ਸਨ। ਬੀਬੀ ਜੀ ਨੂੰ ਐਨੇ ਸਬਰ ਸ਼ੁਕਰ ਵਿਚ ਬੈਠਿਆਂ ਵੇਖ ਕੇ ਚਕ੍ਰਿਤ ਰਹਿ ਗਿਆ ਤੇ ਕਹਿਣ ਲਗਾ, "ਬੀਬੀ ਜੀ, ਪਿਛਲੇ ਸਾਲ ਮੇਰਾ ਇਕ ਪੁੱਤਰ ਮਰ ਗਿਆ ਤਾਂ ਉਸ ਦੇ ਵਿਛੋੜੇ ਦਾ ਸੱਲ ਸਾਨੂੰ ਅਜੇ ਤਕ ਨਹੀਂ ਭੁਲਾ। ਅਤੇ ਮੇਰੀ ਘਰ ਵਾਲੀ ਤਾਂ ਅਜੇ ਵੀ ਮੰਜੇ ਤੇ ਪਈ ਹੈ, ਜਦ ਕਿ ਸਾਡੇ ਤਿੰਨ ਲੜਕੇ ਹੋਰ ਵੀ ਹਨ। ਪਰ ਤੁਹਾਡੀ ਇਹ Extra ordinary (ਅਸਾਧਾਰਨ) ਗੰਭੀਰਤਾ ਤੇ ਅਡੋਲਤਾ ਵੇਖ ਕੇ ਮੈਂ ਬੜਾ ਹੈਰਾਨ ਹੋਇਆ ਹਾਂ।" ਪਰ ਦੂਜੇ ਖਿਨ ਹੀ ਕਹਿਣ ਲਗਾ, "ਤੁਹਾਡੇ ਗੁਰੂ ਦਾ ਕਥਨ ਹੈ—

ਪੁਤੰੀ ਗੰਢੁ ਪਵੈ ਸੰਸਾਰਿ ॥

ਤਾਂ ਕੀ ਤੁਹਾਡੇ ਗੁਰੂ ਨੇ ਤੁਹਾਡੀ ਇੰਨੀ ਲਾਜ ਵੀ ਨਾ ਰਖੀ ਕਿ ਤੁਹਾਡੇ ਦੋ ਹੀ ਨੌਜੁਆਨ ਬੱਚੇ ਸਨ ਅਤੇ ਉਹ ਦੋਨੋਂ ਹੀ ਗੁਜ਼ਰ ਗਏ?"

ਉਸ ਰਾਧਾ ਸੁਆਮੀ ਦੀ ਇਹ ਟਕੋਰ ਤੇ ਗੁਰੂ ਤੇ ਹਮਲਾ ਸੁਣ ਕੇ ਬੀਬੀ ਜੀ ਦੇ ਮਨ ਵਿਚ ਬੜਾ ਰੋਹ ਜਾਗਿਆ। ਸਤਿਗੁਰੂ ਦੀ ਬਖ਼ਸ਼ਸ਼ ਨਾਲ ਅੰਦਰੋਂ ਇਉਂ ਬਚਨ ਨਿਕਲੇ, "ਹਾਂ ਜੀ, ਸੰਸਾਰੀਆਂ ਦੀ ਤਾਂ ਪੁੱਤਰਾਂ ਨਾਲ ਹੀ ਗੰਢ ਪੈਂਦੀ ਹੈ, ਪਰ ਸਾਡੇ ਗੁਰੂ ਸਾਹਿਬ ਨੇ ਅਸਲੀ ਗੰਢ ਨਾਤੇ ਪ੍ਰਥਾਇ ਇਉਂ ਭੀ ਫੁਰਮਾਇਆ ਹੈ—

ਸਿਫਤੀ ਗੰਢੁ ਪਵੈ ਦਰਬਾਰਿ ॥ (੧੪੩)

ਅਗਲੀ ਦਰਗਾਹ ਵਿਚ ਸਿਫ਼ਤ ਸਲਾਹ ਨਾਲ ਹੀ ਗੰਢ (ਸਾਂਝ) ਪੈਂਦੀ ਹੈ, ਜੋ ਸਾਡੇ ਬੱਚੇ ਕੀਰਤਨ-ਗੁੰਜਾਰਾਂ ਗੁੰਜਾਉ ਦੇ ਪਾ ਗਏ ਹਨ।"

ਬੀਬੀ ਜੀ ਨੇ ਫਿਰ ਕਿਹਾ, "ਜੇ ਸੰਸਾਰੀ ਸਾਂਝਾਂ ਦੀ ਲੋੜ ਜ਼ਰੂਰੀ ਸਮਝੀ ਜਾਂਦੀ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਜੋ ਸਰਬ ਕਲਾ ਸਮਰੱਥ ਸਨ, ਚਾਰੇ ਲਾਲ ਸ਼ਹੀਦ ਨਾ ਕਰਾਉਂਦੇ, ਸਗੋਂ ਇਕ ਰਖ ਲੈਂਦੇ। ਇਹ ਸੰਸਾਰੀ ਸਾਂਝਾਂ ਚਾਰ ਦਿਨ ਦੀ ਚਾਨਣੀ ਵਾਂਗ ਝੂਠੀਆਂ ਤੇ ਮਿਥਿਆ ਹਨ। ਪਰਮੇਸ਼ਰ ਦੀ ਸਿਫ਼ਤ ਸਲਾਹ ਦੁਆਰਾ ਹੀ ਅਗਲੀ ਦਰਗਾਹ ਵਿਚ ਢੋਈ ਮਿਲਦੀ ਹੈ।"

ਬੀਬੀ ਜੀ ਦੇ ਇਹ ਢੁਕਵੇਂ ਤੇ ਮੂੰਹ-ਤੋੜਵੇਂ ਬਚਨ ਸੁਣ ਕੇ ਉਹ ਅਫ਼ਸਰ ਚੁਪ ਗੜੁਪ ਹੋ ਗਿਆ ਅਤੇ ਅਗੋਂ ਕੁਝ ਵੀ ਕੁਸਕ ਨਾ ਸਕਿਆ। ਉਠ ਕੇ ਚਲਦਾ ਬਣਿਆ।

ਇਹ ਅਫ਼ਸਰ ਜੀ ਕੋਈ ਸਚੀਂ ਮੁਚੀਂ ਹਿਤੋਂ ਚਿਤੋਂ ਅਫ਼ਸੋਸ ਕਰਨ ਤੇ ਦੁਖ ਵੰਡਾਉਣ ਨਹੀਂ ਸੀ ਆਏ, ਸਗੋਂ ਇਹ ਸਮਝ ਕੇ ਕਿ ਹੁਣ ਇਹ ਡੋਲੇ ਹੋਏ ਹਨ, ਮੇਰਾ ਮੰਤਰ ਇਸ ਸਮੇਂ ਠੀਕ ਫੁਰੇਗਾ। ਰਾਧਾ ਸੁਆਮੀਆਂ ਦਾ ਆਮ ਇਹੋ ਵਤੀਰਾ ਹੈ ਕਿ ਉਹ ਮੌਕੇ ਦੀ ਤਾੜ ਵਿਚ ਰਹਿੰਦੇ ਹਨ ਅਤੇ ਸਮੇਂ ਸਮੇਂ ਭੋਲੇ ਭਾਲੇ ਲੋਕਾਂ ਨੂੰ

[ਬਾਕੀ ਦੇਖੋ ਸਫ਼ਾ ੩੦ ਦੇ ਹੇਠ]



www.AKJ.Org

ਨੌਜੁਆਨ ਬੱਚਿਆਂ ਲਈ–

# ਕੀ ਰੱਬ ਪਰਤੱਖ ਨਹੀਂ ?

[ਪ੍ਰੋ: ਬਲਵਿੰਦਰ ਪਾਲ ਸਿੰਘ, ਗੁਰੂ ਗੋਬਿੰਦ ਸਿੰਘ ਸਟਡੀ ਸਰਕਲ, ਲੁਧਿਆਣਾ]

ਅਜੋਕੇ ਸਾਇੰਸੀ ਯੁਗ ਵਿਚ, ਜਦੋਂ ਮਨੁਖ ਪਦਾਰਥਕ ਸਿਖਰਾਂ ਨੂੰ ਛੁਹ ਰਿਹਾ ਹੈ,ਕੁਦਰਤ ਦੀ ਸੂਖਮਤਾ ਤੇ ਵਿਸ਼ਾਲਤਾ ਦੋਹਾਂ ਸਿਰਿਆਂ ਵਲ ਖੋਜ ਦੀਆਂ ਅਥਾਹ ਪ੍ਰਾਪਤੀਆਂ ਕਰ ਕੇ ਆਪਣੀ ਸਾਇੰਸ ਦੁਆਰਾ ਵਡੇ-ਸਾਇੰਸਦਾਨ ਤੇ ਸਰਬ-ਸਮਰੱਥ ਅਕਾਲ ਪੁਰਖ ਦੀ ਸਾਇੰਸ ਨੂੰ ਸਮਝ-ਸਮਝ ਕੇ ਖੁਸ਼ ਹੋ ਰਿਹਾ ਹੈ ਤਾਂ ਇਨ੍ਹਾਂ ਪ੍ਰਾਪਤੀਆਂ ਦਾ ਅਸਰ ਦੋ-ਮੁਖੀ ਹੋ ਰਿਹਾ ਹੈ–

(੧) ਪਹਿਲਾ ਤਾਂ ਇਸ ਨਾਲ ਮਨੁੱਖ ਕੁਦਰਤ ਵਿਚ ਵਸ ਰਹੇ ਕਾਦਰ ਨੂੰ ਵਧੇਰੇ ਅਨੁਭਵ ਕਰਨ ਲੱਗ ਪਿਆ ਹੈ।

(੨)ਪਰ ਦੂਜਾ ਇਹ ਕਿ ਮਨੁੱਖ ਆਪਣੀਆਂ ਇਨ੍ਹਾਂ ਪ੍ਰਾਪਤੀਆਂ ਨਾਲ ਹੰਕਾਰਿਆ ਗਿਆ ਹੈ। ਉਹ ਰੱਬ ਦੀ ਹੋਂਦ ਤੋਂ ਹੀ ਮੁਨਕਰ ਹੋ ਗਿਆ ਹੈ। ਨਾਸਤਕ ਤੇ ਪਦਾਰਥਵਾਦੀ ਹੀ ਬਣ ਕੇ ਰਹਿ ਗਿਆ ਹੈ।

ਨਾਸਤਕ ਮਨੁੱਖ ਕਹਿੰਦਾ ਹੈ ਕਿ 'ਰੱਬ' ਨਾਂ ਦੀ ਕੋਈ ਸ਼ਕਤੀ ਨਹੀਂ, ਕੋਈ ਹਸਤੀ ਨਹੀਂ। ਸਿਰਫ ਪਦਾਰਥ ਹੀ ਹੈ,ਜਿਸਨੂੰ ਮਨੁੱਖ ਨੇ ਆਪਣੇ ਦਿਮਾਗ ਨਾਲ ਆਪਣੀਆਂ ਲੋੜਾਂ ਅਨੁਸਾਰ ਢਾਲ ਲਿਆ ਹੈ। ਨਾਸਤਕ ਵਿਚਾਰ ਅਨੁਸਾਰ, ਰੱਬ ਦੀ ਹੋਂਦ ਦੇ ਵਿਸ਼ਵਾਸ ਉਤੇ ਅਧਾਰਤ ਧਰਮ, ਮਨੁੱਖ ਨੂੰ ਹਨੇਰੇ ਵਲ ਲਿਜਾਂਦਾ ਹੈ ਤੇ ਇੰਜ ਉਹ ਕਿਸੇ ਧਰਮ ਨੂੰ ਮੰਨਣ ਲਈ ਵੀ ਤਿਆਰ ਨਹੀਂ ਹੈ। ਨੀਟਸ਼ੇ ਨਾਂ ਦੇ ਇਕ ਲੇਖਕ ਨੇ ਤਾਂ ਇਕ ਕਿਤਾਬ ਵੀ ਲਿਖ ਮਾਰੀ ਕਿ–God is dead (ਰੱਬ ਮਰ ਚੁੱਕਾ ਹੈ)।

ਹੁਣ ਹੈਰਾਨਕੁਲ ਪ੍ਰਸ਼ਨ ਇਹ ਹਨ–

ਕੀ ਰੱਬ ਸਚਮੁੱਚ ਮਰ ਚੁੱਕਾ ਹੈ ?

ਹਜ਼ਾਰਾਂ ਸਾਲਾਂ ਤੋਂ ਲੋਕ ਜਿਸ ਰੱਬ ਬਾਰੇ ਤੇ ਉਸ ਦੇ ਵੱਖ ਵੱਖ ਰੂਪਾਂ ਬਾਰੇ ਦਸਦੇ ਆ ਰਹੇ ਹਨ, ਕੀ ਉਹ ਕੋਈ ਚੀਜ਼ ਨਹੀਂ ?

ਫਿਰ ਇਹ ਸੂਰਜ, ਚੰਦ, ਤਾਰੇ, ਆਕਾਸ਼, ਪਾਤਾਲ, ਕੁਦਰਤ ਦੇ ਅਟੱਲ ਨੇਮ, ਦਰਿਆਵਾਂ ਦਾ ਵਹਾਉ, ਬੂਟੇ, ਫੁੱਲ, ਫਲ ਤੇ ਸਭ ਤੋਂ ਵੱਧ ਕੇ ਜੀਵ-ਜੰਤੂ, ਹਵਾ, ਪਾਣੀ, ਹਨੇਰਾ, ਰੋਸ਼ਨੀ, ਆਵਾਜ਼, ਨਜ਼ਰ, ਸਮਝ, ਚੇਤਨਾ, ਗੁੱਸਾ, ਸੰਤੋਖ, ਦਯਾ, ਪਿਆਰ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਨੀਂਦਰ, ਜਾਗਣਾ, ਖੁਸ਼ੀ, ਗ਼ਮੀ, ਹੈਰਾਨੀ, ਡਰ, ਮਿਠਾ, ਕੌੜਾ, ਚੰਗਾ, ਮਾੜਾ ਦੁੱਖ, ਦੁੱਖ ਆਦਿਕ ਸਾਰੇ ਨਾਜ਼ਕ, ਹਰਕਤ-ਭਰਪੂਰ ਤੇ ਗਤੀਸ਼ੀਲ ਤੱਤ ਕਿਵੇਂ ਹੋਂਦ ਵਿਚ ਆ ਗਏ ਹਨ ?

ਸਾਰਾ ਬ੍ਰਹਿਮੰਡ ਇਕ ਨਿਯਮਬਧ ਢੰਗ ਨਾਲ ਤੇ ਗੁਰਬਾਣੀ ਅਨੁਸਾਰ ਕਿਸੇ ਦੇ ਭਉ ਵਿਚ ਘੁੰਮ ਰਿਹਾ ਹੈ, ਇਹ ਹਰਕਤ ਤੇ ਹਿਲਜੁਲ ਕੇਵਲ ਪਦਾਰਥ ਹੀ ਕਿਵੇਂ ਪੈਦਾ ਕਰ ਸਕਦਾ ਹੈ ?

---

[ਸਫਾ ੨੯ ਦੀ ਬਾਕੀ]

ਗੁਮਰਾਹ ਕਰਦੇ ਰਹਿੰਦੇ ਹਨ। ਪਰ ਗੁਰੂ ਦੀ ਬਖ਼ਸ਼ਸ਼ ਨਾਲ ਇਥੇ ਇਸ ਨੂੰ ਮੂੰਹ ਦੀ ਖਾਣੀ ਪਈ।

ਰਾਧਾ ਸੁਆਮੀਆਂ ਦੇ ਆਪਣੇ ਪਲੇ ਤਾਂ ਕੱਖ ਭੀ ਨਹੀਂ, ਇਹ ਗੁਰਬਾਣੀ ਦੀਆਂ ਤੁਕਾਂ ਦੇ ਆਪਣੀ ਮਨਮਤ ਅਨੁਸਾਰ ਵਿੰਗੇ ਟੇਢੇ ਅਰਥ ਕਰ ਕੇ ਲੁਕਾਈ ਨੂੰ ਫੁਸਲਾਉਂਦੇ ਹਨ। ਇਥੋਂ ਤਕ ਕਿ ਤਿਆਰ-ਬਰ-ਤਿਆਰ ਸਿਖਾਂ ਨੂੰ ਭੀ ਡੋਗਣ ਦਾ ਜਤਨ ਕਰਦੇ ਹਨ। ਇਹ ਗੁਰੂ-ਘਰ ਦੇ ਚੋਰ ਹਨ ਅਤੇ ਗੁਰਸਿਖਾਂ ਨੂੰ ਇਨ੍ਹਾਂ ਦੇ ਪਰਪੰਚੀ ਜਾਲ ਵਿਚ ਫਸਣੋਂ ਸੁਚੇਤ ਰਹਿਣਾ ਚਾਹੀਦਾ ਹੈ।



www.AKJ.Org

ਸੂਰਜ ਧਰਤੀ ਤੋਂ ਲਗ ਪਗ ੯ ਕਰੋੜ ਮੀਲ ਦੂਰ ਹੈ। ਸਾਡੇ ਸੂਰਜੀ ਮੰਡਲ ਦੇ ਬਾਕੀ ਗ੍ਰਹਿਆਂ ਉਤੇ ਜੀਵਨ ਨਹੀਂ, ਧਰਤੀ ਤੇ ਹੀ ਕੇਵਲ ਜੀਵਨ ਹੈ, ਪਰ ਜੇ ਸੂਰਜ ਜ਼ਰਾ ਕੁ ਨੇੜੇ ਹੁੰਦਾ ਤਾਂ ਹੋ ਸਕਦਾ ਸੀ ਅਸੀਂ ਵਧੇਰੇ ਗਰਮੀ ਕਰਕੇ ਜੀਅ ਨ ਸਕਦੇ। ਜੇ ਰਤਾ ਪਰ੍ਹਾਂ ਹੁੰਦਾ ਤਾਂ ਸ਼ਾਇਦ ਠੰਢ ਨਾਲ ਨਾ ਜੀਊ ਸਕਦੇ। ਫਿਰ ਸੂਰਜ ਨੂੰ ਇਤਨੀ ਕੁ ਦੂਰੀ ਤੇ ਰੱਖ ਕੇ ਤੇ ਬਾਕੀ ਗ੍ਰਹਿ ਉਸ ਦੇ ਦੁਆਲੇ ਚੱਕਰ ਲਾਉਂਦੇ ਰਹਿਣ, ਕੀ ਇਹ ਸਭ ਕੁਝ ਆਪੇ ਹੀ ਹੋਈ ਜਾਂਦੈ ? ਬਿਨਾਂ ਕਿਸੇ ਯੋਜਨਾ ਦੇ, ਬਿਨਾਂ ਕਿਸੇ ਦੀਆਂ ਹਦਾਇਤਾਂ ਦੇ ?

ਪਵਣ ਪਾਣੀ ਅਗਨੀ ਪਾਤਾਲ ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ ॥ [ਜਪੁ ਜੀ, ਪਉੜੀ ੩੪

ਸਾਇੰਸਦਾਨ ਆਪਣੀਆਂ ਬਣੀਆਂ ਦੂਰਬੀਨਾਂ ਤੇ ਖ਼ੁਰਦਬੀਨਾਂ ਨਾਲ ਬ੍ਰਹਿਮੰਡ ਵਲ ਤਕਦੇ ਹਨ ਤੇ ਕਹਿੰਦੇ ਹਨ, ਅਸੀਂ ਬੜੀ ਖੋਜ ਕਰ ਲਈ ਹੈ, ਪਰ ਜਿਨ੍ਹਾਂ ਨੈਣਾਂ ਨਾਲ ਤੱਕਦੇ ਹਨ, ਕੀ ਉਨ੍ਹਾਂ ਦੇ ਬਣਾਉਣ ਵਿਚ ਕਿਸੇ ਦਾ ਵੀ ਹੱਥ ਨਹੀਂ ?

ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ......'' [ਅਨੰਦੁ, ਪਉੜੀ ੩੬

ਜੇ ਭਲਾ ਕਲ੍ਹ ਨੂੰ ਸਾਇੰਸ ਅੱਖਾਂ ਵੀ ਬਣਾ ਲੈਂਦੀ ਹੈ, ਤਾਂ ਅੱਖਾਂ ਵਿਚੋਂ ਡਲ੍ਹਕਦਾ ਪਿਆਰ, ਅੱਖਾਂ ਚੋਂ ਨਿਕਲਦਾ ਗੁੱਸਾ, ਲੋਭ, ਲਾਲਚ ਤੇ ਦਇਆ ਕਿਸ ਤਰ੍ਹਾਂ ਦਿਖਾਏ ਜਾਣਗੇ ?

ਜੇ ਇਕ ਸੰਤਰੇ ਦੀ ਛਿੱਲੜ ਲਾਹ ਦੇਈਏ ਤੇ ਫਾੜੀਆਂ ਖੋਲ੍ਹ ਦੇਈਏ ਤਾਂ ਮਨੁੱਖ ਉਹਨੂੰ ਦੁਬਾਰਾ ਸੰਤਰਾ ਨਹੀਂ ਬਣਾ ਸਕਦਾ। ਮਨੁੱਖ ਜੇ ਬਹੁਤ ਸਿਆਣਾ ਖੋਜੀ ਵੀ ਹੋ ਜਾਏ, ਕੀ ਉਹ ਸਰੀਰ ਦੇ ਵਾਧੇ ਨੂੰ ਰੋਕ ਕੇ ਸਦਾ ਬੱਚਾ ਹੀ, ਜਾਂ ਜਵਾਨ ਹੀ ਰਹਿ ਸਕਦੈ ? ਉਹ ਬੁਢੇਪੇ ਜਾਂ ਮੌਤ ਨੂੰ ਕਿਉਂ ਨਹੀਂ ਰੋਕ ਲੈਂਦਾ ? ਉਸ ਦਾ ਜੀਵਨ-ਮਰਨ ਤੇ ਜ਼ੋਰ ਨਹੀਂ ਨਾ ?

'ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥' [ਜਪੁਜੀ, ਪਉੜੀ ੩੩

ਇਕ ਵਿਦਵਾਨ ਸੱਜਣ ਕਹਿੰਦੇ ਹੁੰਦੇ ਸਨ ਕਿ ਅਸੀਂ ਤਾਂ ਅੱਖਾਂ ਵਾਲੇ ਵੀ ਸਾਰੇ ਅੰਨ੍ਹੇ ਹਾਂ। ਉਹ ਕਿਸ ਤਰ੍ਹਾਂ ? ਕਿਉਂਕਿ ਸਾਨੂੰ ਦੇਖਣ ਲਈ ਬਾਹਰਲੀ ਰੋਸ਼ਨੀ ਦੀ ਲੋੜ ਪੈਂਦੀ ਹੈ—ਭਾਵੇਂ ਉਹ ਸੂਰਜ ਦੀ ਰੋਸ਼ਨੀ ਹੈ, ਰਾਤ ਵੇਲੇ ਬਲਬਾਂ ਲੈਂਪਾਂ, ਟਾਰਚਾਂ, ਮੋਮਬਤੀਆਂ, ਚੰਦਰਮਾ ਜਾਂ ਤਾਰਿਆਂ ਦੀ ਰੋਸ਼ਨੀ ਹੈ—ਬਾਹਰੀ ਰੋਸ਼ਨੀ ਤੋਂ ਬਿਨਾਂ ਮਨੁੱਖ, ਚਾਰ ਕਦਮ ਵੀ ਕਿਸੇ ਮੰਜ਼ਲ ਵਲ ਨਹੀਂ ਚਲ ਸਕਦਾ, ਫਿਰ ਸਾਡੀ ਆਪਣੀ ਰੋਸ਼ਨੀ ਕਿਹੜੀ ਹੋਈ ?

ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥ [ਸੋਹਿਲਾ, ਸਬਦ ਤੀਜਾ

ਨਾਸਤਕ ਲੋਕਾਂ ਨੂੰ ਜਦੋਂ ਪੁਛਿਆ ਜਾਵੇ, ਬਈ, ਬੰਦੇ ਦੀ ਮੌਤ ਕਿਉਂ ਹੋ ਜਾਂਦੀ ਹੈ ? ਬੰਦੇ ਦਾ ਸਰੀਰ ਤਾਂ ਹੁੰਦਾ ਹੈ, ਹਿਲਜੁਲ ਬੰਦ ਕਿਉਂ ਹੋ ਜਾਂਦੀ ਹੈ ? ਉਹ ਜੁਆਬ ਵਿਚ ਕਹਿ ਦੇਂਦੇ ਨੇ ਕਿ ਸਰੀਰ ਦੀ ਮਸ਼ੀਨਰੀ ਕੰਮ ਕਰਨਾ ਬੰਦ ਕਰ ਗਈ ਹੈ। ਫਿਰ ਉਨ੍ਹਾਂ ਨੂੰ ਪੁਛੀਏ, ਬਈ, ਇਹ ਸਰੀਰ ਦੀ ਮਸ਼ੀਨਰੀ ਕੰਮ ਕਰਨਾ ਕਦੋਂ ਤੇ ਕਿਉਂ ਸ਼ੁਰੂ ਕਰ ਦੇਂਦੀ ਏ ? ਤਾਂ ਉਹ ਜ਼ਿੱਦ ਨਾਲ ਫਿਰ ਵੀ ਓਸ ਸ਼ੰਕਤੀ ਨੂੰ ਨਹੀਂ ਮੰਨਦੇ।

ਜੀਅਉ ਹਮਾਰਾ ਜੀਉ ਦੇਨਹਾਰਾ ॥ ਅਵਰੁ ਨ ਕੋਊ ਮਾਰਨਵਾਰਾ ॥੧॥ਰਹਾਉ॥ [ਪੰਨਾ ੩੯੧

ਇਕ ਵੇਰਾਂ ਦੋ ਦੋਸਤ ਸਨ, ਇਕ ਆਸਤਕ ਤੇ ਦੂਜਾ ਨਾਸਤਕ। ਆਸਤਕ ਨੇ ਤਸਵੀਰ ਬਣਾਈ ਤੇ ਨਾਸਤਕ ਦੋਸਤ ਪੁਛਣ ਲੱਗਾ, ''ਯਾਰ, ਇਹ ਤਸਵੀਰ ਇਤਨੀ ਸੁੰਦਰ ਕਿਵੇਂ ਬਣਾਈ ਆ ?''

ਆਸਤਕ ਕਹਿਣ ਲੱਗਾ, ''ਮੈਂ ਤਾਂ ਦੋਸਤਾ, ਇਹ ਬੋਰਡ, ਕਾਗਜ਼, ਪੈਨਸਲ ਤੇ ਰੰਗ ਕੋਠੇ ਤੇ ਰਖ ਆਇਆ ਸਾਂ। ਜਦੋਂ ਦੁਬਾਰਾ ਗਿਆ ਤਾਂ ਦੇਖਿਆ ਤਸਵੀਰ ਬਣੀ ਹੋਈ ਸੀ।''

ਨਾਸਤਕ ਦੋਸਤ ਕਹਿਣ ਲਗਾ, ''ਗੱਪ ਨਾ ਮਾਰ, ਕਿਸੇ ਦੇ ਬਣਾਉਣ ਤੋਂ ਬਿਨਾਂ ਕਦੇ ਕੋਈ ਚੀਜ਼ ਬਣੀ ਵੀ ਏ ?''



www.AKJ.Org

ਆਸਤਕ ਦੋਸਤ ਨੂੰ ਨੁਕਤਾ ਲੱਭ ਗਿਆ ਤੇ ਕਹਿਣ ਲਗਾ, ''ਯਾਰ, ਜੇ ਕਿਸੇ ਦੇ ਬਣਾਏ ਤੋਂ ਬਿਨਾਂ ਕੋਈ ਚੀਜ਼ ਨਹੀਂ ਬਣ ਸਕਦੀ ਤਾਂ ਫਿਰ ਇਤਨਾ ਮਹਾਨ ਬ੍ਰਹਿਮੰਡ ਕਿਵੇਂ ਬਣ ਗਿਆ ? ਕੀ ਇਨ੍ਹਾਂ ਅਨੇਕਾਂ ਧਰਤੀਆਂ ਤੇ ਅਨੇਕਾਂ ਸੂਰਜਾਂ ਚੰਦਰਮਿਆਂ ਦੇ ਪਿਛੇ ਕੋਈ ਕਰਤਾਰੀ ਸ਼ਕਤੀ ਨਹੀਂ ? ਦੇਖ ਭਰਾਵਾ—

ਓਇ ਜੁ ਦੀਸਹਿ ਅੰਬਰਿ ਤਾਰੇ ॥ ਕਿਨਿ ਇਹ ਚੀਤੇ ਚੀਤਨਹਾਰੇ ? [ਪੰਨਾ ੩੨੯

ਅਸਮਾਨ ਵਿਚਲੇ ਇਨ੍ਹਾਂ ਤਾਰਿਆਂ ਨੂੰ ਚਿਤਰਨ ਵਾਲਾ ਕੌਣ ਚਿਤਰਕਾਰ ਹੈ ? ਉਹ ਕੋਈ ਹੈ ਕਿ ਸਭ ਕੁਝ ਐਵੇਂ ਹੀ ਹੈ ?''

ਨਾਸਤਕ ਦੋਸਤ ਜੀ ਚੁਪ ਸਨ।

ਰੱਬ ਨੂੰ ਜਾਨਣ ਲਈ ਸਾਡਾ ਅਟੱਲ ਵਿਸ਼ਵਾਸ ਹੈ ਕਿ ੧ ਓ ਦੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਸਰਬੱਤ ਪੱਖਾਂ ਤੋਂ ਸਮਰੱਥ ਹੈ। ਵਿਗਿਆਨਕ ਰੂਪ ਨਾਲ ਅਕਾਲ ਪੁਰਖ ਦੀ ਹੋਂਦ ਨੂੰ ਗੁਰਬਾਣੀ ਦੇ ਅਭਿਆਸ ਤੇ ਅਨਭਵ ਦੁਆਰਾ ਮਹਿਸੂਸ ਕੀਤਾ ਜਾ ਸਕਦਾ ਹੈ।

ਕੁਲ ਨਾਸਤਕ ਤਾਕਤਾਂ ਵਲੋਂ ਸਾਡੀ ਧਰਤੀ ਦੀ ਸਦ-ਨਵੀਂ ਤੇ ਸਦ-ਸਜਰੀ ਵਿਚਾਰਧਾਰਾ ਨੂੰ ਢਾਹੁਣ ਲਈ ਯਤਨ ਕੀਤੇ ਜਾ ਰਹੇ ਹਨ। ਇਸੇ ਮੰਤਵ ਲਈ ਉਹ, ਖਾਸ ਕਰ ਨੌਜੁਆਨਾਂ ਵਿਚੋਂ ਰੱਬ ਵਾਹਿਗੁਰੂ ਜਾਂ ਰਾਮ ਰਹੀਮ ਦਾ ਪ੍ਰਭਾਵ ਕੱਢ ਦੇਣਾ ਚਾਹੁੰਦੇ ਹਨ।

ਸਮੂੰਹ ਵਿਦਿਆਰਥੀਆਂ, ਨੌਜੁਆਨ ਵੀਰਾਂ-ਭੈਣਾਂ ਪ੍ਰਤੀ ਅਪੀਲ ਹੈ ਕਿ ਸੁਚੇਤ ਹੋ ਕੇ ਇਨ੍ਹਾਂ ਤਾਕਤਾਂ ਦਾ ਮੁਕਾਬਲਾ ਗੁਰੂ ਗ੍ਰੰਥ ਸਾਹਿਬ ਜੀ ਦੀ ਬਲਦਾਇਕ ਵਿਚਾਰਧਾਰਾ ਦਾ ਆਸਰਾ ਲੈ ਕੇ ਕੀਤਾ ਕਰੋ, ਤਾਂ ਕਿ—

ਨਿਰਭਉ ਹੋਇ ਭਜਹੁ ਭਗਵਾਨ ॥ (੨੦੧)

ਅਨੁਸਾਰ ਨਿਸ਼ੱਕ ਤੇ ਨਿਡਰ ਹੋ ਕੇ ਰੱਬ ਦੀ ਗੱਲ ਹੋ ਸਕੇ।

---

# ਗੁਰੂ ਪਿਆਰੇ ਲਾਲਾਂ ਦੇ ਨਮਿਤ ਥਾਂ ਥਾਂ ਸਮਾਗਮ

ਭਾਈ ਸਾਹਿਬ ਸੂਰਤ ਸਿੰਘ ਜੀ (ਪੂਰਨ ਜੀ) ਦੇ ਗੁਰਮੁਖ ਨੌਨਿਹਾਲ ਬੱਚਿਆਂ ਦੇ ਵਿਛੋੜੇ ਵਿਚ ਗੁਰਸਿਖ ਸੰਗਤਾਂ ਨੇ ਥਾਂ-ਪਰ-ਥਾਂ ਉਨ੍ਹਾਂ ਦੋਹਾਂ ਨਮਿਤ ਸ੍ਰੀਅਖੰਡਪਾਠ ਸਮਾਗਮ, ਕੀਰਤਨ ਸਮਾਗਮ ਅਤੇ ਰੈਣ ਸਬਾਈ ਕੀਰਤਨ ਕਰਕੇ, ਗੁਰਬਾਣੀ ਦੁਆਰਾ ਉਨ੍ਹਾਂ ਨੂੰ ਅਸੀਸੜੀਆਂ ਦਿਤੀਆਂ ਅਤੇ ਉਨ੍ਹਾਂ ਦੀਆਂ ਵਿਛੜੀਆਂ ਰੂਹਾਂ ਦਾ ਗੁਰੂ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਪਰਵਾਰ ਨੂੰ ਭਾਣਾ ਮਿਠਾ ਮੰਨਣ ਦੀ ਸਮਰੱਥਾ ਬਖਸ਼ਣ ਲਈ ਅਰਦਾਸਾਂ ਕੀਤੀਆਂ।

ਫਰੀਦਾਬਾਦ ਦੇ ਵਖ ਵਖ ਸੈਕਟਰਾਂ ਦੇ ਗੁਰਦੁਆਰਿਆਂ ਵਿਖੇ ਪੰਜ ਅਖੰਡਪਾਠ ਹੋਏ। ਚੰਡੀਗੜ੍ਹ ਵਿਖੇ ਦੋ ਅਖੰਡ ਪਾਠ ਅਤੇ ਕਲਕਤਾ, ਧਨਬਾਦ, ਕਾਨਪੁਰ, ਆਗਰਾ, ਬਰੇਲੀ, ਦਿਲੀ, ਬੜੋਦਾ ਤੇ ਭਾਰਤ ਦੇ ਹੋਰ ਕਈ ਸ਼ਹਿਰਾਂ ਤੋਂ ਅਖੰਡਪਾਠ ਕੀਤੇ ਜਾਣ ਦੀਆਂ ਖਬਰਾਂ ਪੁਜੀਆਂ ਹਨ। ਇਸੇ ਸੰਬੰਧ ਵਿਚ ਟਾਟਾ ਨਗਰ ਦੇ ਰੈਣ ਸਬਾਈ ਕੀਰਤਨ ਵਿਚ ਧਨਬਾਦ, ਸਿੰਦਰੀ, ਕਲਕਤਾ ਆਦਿ ਤੋਂ ਸੰਗਤਾਂ ਨੇ ਪੁਜ ਕੇ ਗੁਰੂ ਚਰਨਾਂ ਵਿਚ ਜੋਦੜੀਆਂ ਕੀਤੀਆਂ।

ਇੰਗਲੈਂਡ ਦੇ ਸ਼ਹਿਰਾਂ ਸਮੈਥਵਿਕ ਵਿਖੇ ਦੋ ਅਖੰਡਪਾਠ ਅਤੇ ਬਰਮਿੰਘਮ, ਗ੍ਰੇਵਜੈਂਡ, ਡਰਬੀ, ਗਰੀਨ ਫ਼ੋਰਡ, ਆਦਿ ਵਿਖੇ ਵੀ ਸ੍ਰੀ ਅਖੰਡਪਾਠ ਤੇ ਕੀਰਤਨ ਸਮਾਗਮ ਹੋ ਕੇ ਅਰਦਾਸਾਂ ਕੀਤੀਆਂ ਗਈਆਂ।

ਬਰੇਲੀ ਵਿਖੇ 'ਨੌਜਵਾਨ ਅਖੰਡ ਕੀਰਤਨੀ ਜਥਾ' ਦੇ ਨੌਜਵਾਨਾਂ ਵਲੋਂ ਆਪਣੇ ਡਾਢੇ ਪਿਆਰੇ ਸਾਥੀਆਂ ਦੇ ਵਿਛੋੜੇ ਵਿਚ ਲਗਾਤਾਰ ੩੧ ਦਿਨ (ਮਈ ਦਾ ਸਾਰਾ ਮਹੀਨਾ) ਕੀਰਤਨ ਪ੍ਰੋਗਰਾਮ ਵਖ ਵਖ ਘਰਾਂ ਵਿਚ ਰਾਤ ਨੂੰ ਰਖੇ ਗਏ। ਗੁਰੂ ਪਾਤਸ਼ਾਹ ਨੇ ਕਿਰਪਾ ਕਰ ਕੇ ਇਨ੍ਹਾਂ ਦੋਹਾਂ ਲਾਲਾਂ ਦੀ ਪ੍ਰੇਰਨਾ ਨਾਲ ਹੀ ਇਹ 'ਨੌਜਵਾਨ ਅਖੰਡ ਕੀਰਤਨੀ ਜਥਾ' ਸਥਾਪਤ ਕੀਤਾ ਅਤੇ ਅਨੇਕਾਂ ਨੌਜੁਆਨਾਂ ਨੂੰ ਪ੍ਰੇਰ ਕੇ ਸਤਿਗੁਰੂ ਦੀ ਚਰਨੀਂ ਲਾਇਆ।



www.AKJ.Org

# ਪਾਪੀ ਪਚਿਆ ਆਪ ਕਮਾਇਣ

[ਬੀਬੀ ਦਲਜੀਤ ਕੌਰ ਜੀ, ਸ੍ਰੀ ਅੰਮ੍ਰਿਤਸਰ]

ਪ੍ਰਿਥੀ ਚੰਦ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਵਡਾ ਭਾਈ ਸੀ। ਆਪਣੇ ਕੁਟਿਲ ਸੁਭਾਅ ਅਤੇ ਮੰਦੀਆਂ ਕਰਤੂਤਾਂ ਕਾਰਨ ਉਹ ਗੁਰੂ-ਗਦੀ ਤੋਂ ਵਾਂਜਿਆ ਰਿਹਾ। ਜਦੋਂ ਤੋਂ ਗੁਰੂ-ਗਦੀ, ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਮਿਲੀ ਓਦੋਂ ਤੋਂ ਹੀ ਉਹ ਆਪਣੇ ਪਿਤਾ ਸ੍ਰੀ ਗੁਰੂ ਰਾਮ ਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਨਾਲ ਝਗੜਾ ਕਰਦਾ ਰਿਹਾ।

ਗੁਰੂ ਅਰਜਨ ਦੇਵ ਜੀ ਦੀ ਵਡਿਆਈ ਅਤੇ ਸਾਹਿਬਜ਼ਾਦੇ (ਹਰਿ ਗੋਬਿੰਦ) ਦਾ ਪ੍ਰਗਟ ਹੋਣਾ ਇਸ ਦੇ ਲਈ ਦੁਖਦਾਈ ਸੀ। ਸਾਹਿਬਜ਼ਾਦੇ ਹਰਿ ਗੋਬਿੰਦ ਜੀ ਦੇ ਪ੍ਰਗਟ ਹੋਣ ਤੇ ਹੀ ਇਸ ਨੇ ਉਨ੍ਹਾਂ ਨੂੰ ਮਾਰਨ ਦੇ ਅਨੇਕ ਯਤਨ ਕੀਤੇ,ਤਾਂ ਜ ਅਗੋਂ ਗੁਰ-ਗਦੀ ਦਾ ਕੋਈ ਵਾਰਸ ਨ ਬਣ ਸਕੇ। ਪਰ ਇਹ ਧੁਰ ਦਰਗਾਹੀ ਦਾਤ ਪਰਮੇਸ਼ਰ ਜਿਸ ਨੂੰ ਦੇਣਾ ਚਾਹੇ, ਉਸ ਨਾਲ ਅਤੇ ਉਸ ਅਗੇ ਕੌਣ ਠਹਿਰੇ। ਜਿਸ ਤਰ੍ਹਾਂ ਦਾਈ ਨੂੰ ਭੇਜਣਾ, ਸਪੇਰੇ ਨੂੰ ਸੱਪ ਛਡਣ ਲਈ ਪ੍ਰੇਰਨਾ,ਰਸੋਈਏ ਬ੍ਰਾਹਮਣ ਨੂੰ ਦਹੀਂ ਵਿਚ ਜ਼ਹਿਰ ਪਾ ਕੇ ਸਾਹਿਬਜ਼ਾਦੇ ਨੂੰ ਖੁਆਣ ਲਈ ਪ੍ਰੇਰਨਾ,ਇਹ ਸਾਰੇ ਯਤਨ ਉਸ ਦੇ ਅਸਫਲ ਹੋਏ ਅਤੇ ਗੁਰੂ ਸਾਹਿਬ ਛੇਵੇਂ ਪਾਤਿਸ਼ਾਹ ਨੇ ਬਾਲ-ਲੀਲ੍ਹਾ ਕਰਦੇ ਹੋਏ ਵੀ ਇਨ੍ਹਾਂ ਵਾਰ ਕਰਨਹਾਰਿਆਂ ਦਾ, ਜੋ ਲਾਲਚ ਵਿਚ ਫਸੇ ਹੋਏ ਸਨ, ਉਧਾਰ ਕੀਤਾ । ਜਦੋਂ ਪ੍ਰਿਥੀ ਚੰਦ ਦੀਆਂ ਇਹ ਕਰਤੂਤਾਂ ਸੰਗਤਾਂ ਅਤੇ ਆਮ ਲੋਕਾਂ ਵਿਚ ਫੈਲ ਗਈਆਂ ਤਾਂ ਘਰ ਘਰ ਵਿਚ ਇਸ ਦੀਆਂ ਮੰਦੀਆਂ ਕਰਤੂਤਾਂ ਦੀ ਚਰਚਾ ਹੋਣ ਲਗੀ। ਇਹ ਪ੍ਰੇਸ਼ਾਨ ਹੋ ਕੇ ਇਕ ਦਿਨ ਮੂੰਹ-ਹਨੇਰੇ ਹੀ ਸ਼ਹਿਰ ਛਡ ਕੇ ਆਪਣਾ ਪ੍ਰਵਾਰ ਅਤੇ ਸਮਾਨ ਲੈ ਕੇ ਹੇਹਰਿ ਪਿੰਡ ਵਾਲੇ ਪਾਸੇ ਤੁਰ ਪਿਆ ।

ਜਦੋਂ ਉਥੇ ਪਹੁੰਚਿਆ ਤਾਂ ਇਸ ਨੂੰ ਖਿਆਲ ਆਇਆ ਕਿ ਪਾਤਸ਼ਾਹ ਜਹਾਂਗੀਰ ਕੋਲ ਆਪਣੀ ਫਰਿਆਦ ਕਰਨ ਲਈ ਸੁਲਹੀ ਖਾਂ ਨੂੰ ਮਿਲਾਂ, ਜੋ ਇਥੇ ਹੀ ਉਤਰਿਆ ਹੋਇਆ ਹੈ। ਪ੍ਰਿਥੀ ਚੰਦ ਉਸਨੂੰ ਮਿਲਿਆ ਅਤੇ ਫਰਿਆਦ ਦੇ ਨਾਲ ਹੀ ਉਸ ਦੀ ਖੁਸ਼ਾਮਦ ਵੀ ਕੀਤੀ।

ਸੁਲਹੀ ਖਾਂ ਨੇ ਇਹ ਪਿੰਡ ਹੇਹਰਿ, ਜੋ ਇਸ ਦਾ ਸੀ, ਰਹਿਣ ਲਈ ਦੇ ਦਿਤਾ। ਜਦੋਂ ਪ੍ਰਿਥੀ ਚੰਦ ਨੇ ਏਥੇ ਤਾਲ ਲਾਣ ਲਈ ਕਿਹਾ ਤਾਂ ਬਹੁਤ ਸਾਰਾ ਧਨ ਵੀ ਦਿਤਾ। ਇਥੇ ਇਸ ਨੇ ਤਾਲ ਲਵਾ ਕੇ ਗੁਰੂ ਅਰਜਨ ਦੇਵ ਜੀ ਦੀ ਬਰਾਬਰੀ ਕਰਨੀ ਚਾਹੀ, ਪਰ ਕਿਥੇ ਰਾਮ ਰਾਮ ਕਿਥੇ ਟੈਂ ਟੈਂ। ਉਥੇ ਜੋੜ-ਮੇਲੇ ਲਗਦੇ,ਦੀਵਾਨ ਸਜਦੇ, ਸੰਗਤਾਂ ਜੁੜਦੀਆਂ, ਨਾਮ ਜਪਦੀਆਂ ਅਤੇ ਵੰਡ ਛਕਦੀਆਂ ਜਸ ਕਰਦੀਆਂ ਨੂੰ ਇਹ ਬਰਦਾਸ਼ਤ ਨ ਕਰ ਸਕਿਆ। ਸੁਲਹੀ ਨਾਲ ਦਿਲੀ ਗਿਆ ਅਤੇ ਗੁਰਿਆਈ ਲੈਣ ਲਈ ਪੁਕਾਰ ਕੀਤੀ, "ਮੈਂ ਵਡਾ ਹਾਂ । ਗੁਰਿਆਈ ਮੇਰਾ ਹੀ ਹੱਕ ਹੈ"। ਇਹ ਗੱਲ ਜਹਾਂਗੀਰ ਨੇ ਨਾ ਮੰਨੀ ਅਤੇ ਇਕ ਪਿੰਡ, ਜੋ ਮਾਲਵੇ ਦੇਸ਼ ਵਿਚ ਹੈ, ਦੇ ਕੇ ਟਾਲ ਦਿਤਾ। ਉਥੇ ਆਪਣਾ ਕੋਠਾ ਬਣਾ ਕੇ ਦਿਨ ਬਤੀਤ ਕਰਨ ਲਗਾ। ਇਹ ਪਿੰਡ ਸੋਢੀ ਕੇ ਕੋਠੇ ਦੇ ਨਾਂ ਨਾਲ ਬੁਲਾਇਆ ਜਾਂਦਾ ਹੈ। ਕੁਛ ਸਮੇਂ ਬਾਅਦ ਜਦੋਂ ਚੰਦੂ ਦੀ ਲੜਕੀ ਦਾ ਰਿਸ਼ਤਾ ਗੁਰੂ ਅਰਜਨ ਦੇਵ ਜੀ ਨੇ ਲਾਹੌਰ ਦੀਆਂ ਸੰਗਤਾਂ ਦੇ ਇਹ ਕਹਿਣ ਤੇ ਮੋੜ ਦਿਤਾ ਕਿ ਇਸ ਨੇ ਗੁਰੂ-ਘਰ ਨੂੰ ਮੋਰੀ ਦੀ ਅਤੇ ਆਪਣੇ ਆਪ ਨੂੰ ਚੁਬਾਰੇ ਦੀ ਤੁਲਨਾ ਦੇ ਕੇ ਗੁਰੂ ਘਰ ਦੀ ਨਿੰਦਾ ਕੀਤੀ ਹੈ, ਇਸ ਕਰਕੇ ਇਸ ਦਾ ਰਿਸ਼ਤਾ ਨਹੀਂ ਲੈਣਾ ਚਾਹੀਦਾ। ਹੁਣ ਪ੍ਰਿਥੀ ਚੰਦ ਨੂੰ ਦਾਅ ਮਿਲਿਆ, ਸੁਲਹੀ ਨੂੰ ਚਿੱਠੀ ਲਿਖ ਕੇ ਅਤੇ ਚੰਦੂ ਨੂੰ ਮਿਲ ਕੇ ਫੇਰ ਉਪਾਧੀ ਸ਼ੁਰੂ ਕਰ ਦਿਤੀ। ਅਤੇ ਸੁਲਹੀ ਨੂੰ ਭੜਕਾਇਆ। ਤੇ ਉਹ ਬਹਾਨਾਂ ਪਾ ਕੇ ਕਿ ਮਾਝੇ ਦੇਸ਼ ਦੇ ਲੋਕ ਗੁਰੂ ਅਰਜਨ ਦੇਵ ਜੀ ਦੇ ਵਿਗਾੜੇ ਹੋਏ ਮਾਮਲਾ ਨਹੀਂ ਦਿੰਦੇ, ਮਾਮਲਾ ਉਗਰਾਹੁਣ ਲਈ ਆਪ ਆਇਆ। ਇਹ ਗੱਲ ਦਿਲੀ ਦੀਆਂ ਸੰਗਤਾਂ ਨੂੰ ਵੀ ਪਤਾ ਲਗ ਗਈ। ਸੰਗਤਾਂ ਨੇ ਗੁਰੂ ਸਾਹਿਬ ਵਲ ਚਿਠੀ ਲਿਖ ਭੇਜੀ। ਸੰਗਤਾਂ ਅਤੇ ਮਸੰਦ ਘਬਰਾ ਗਏ ਅਤੇ ਆਪਣੀ ਆਪਣੀ ਰਾਇ ਦੇਣ ਲਗੇ—ਮਿਲਾਪ ਕਰੋ, ਚਿਠੀ ਲਿਖ ਕੇ ਭੇਜੋ, ਦੋ ਤਿੰਨ ਆਪਣੇ ਸੇਵਕ ਅਗੋਂ ਭੇਜੋ, ਆਦਿ।



www.AKJ.Org

ਮਹਾਰਾਜ ਅਡੋਲ ਰਹੇ, ਪਰ ਸੰਗਤਾਂ ਵਿਚ ਘਬਰਾਹਟ ਵੇਖ ਕੇ ਕਹਿਣ ਲਗੇ—

ਕ੍ਰਿਪਾ ਠਾਨਿ ਸੰਗਤਿ ਸੋਂ ਬੋਲੇ । ਨਿਸਚਾ ਧਰੋ ਕਹਾਂ ਤੁਮ ਡੋਲੇ ।
ਸਤਿਗੁਰ ਬਨਹਿ ਸਹਾਇ ਹਮਾਰੀ । ਬਿਪਦਾ ਪਰਹਿ ਤਿਨਹੁ ਪਰ ਭਾਰੀ ।

ਆਪ ਜੀ ਨੇ ਫ਼ੁਰਮਾਇਆ "ਤੁਸੀਂ ਨਿਸਚਾ ਰਖੋ, ਡੋਲੋ ਨਹੀਂ, ਵਾਹਿਗੁਰੂ ਸਹਾਈ ਹੋਵੇਗਾ।" ਉਧਰੋਂ ਸੁਲਹੀ ਨੇ ਮਾਲਵੇ ਦੇਸ਼ ਸੋਢੀ ਕੇ ਕੋਠੇ ਪਿੰਡ ਬਾਹਰ ਡੇਰਾ ਲਾਇਆ । ਪ੍ਰਿਥੀ ਚੰਦ ਨੇ ਹਰ ਤਰ੍ਹਾਂ ਦੀ ਖੁਸਾਮਦ ਅਤੇ ਸੇਵਾ ਕੀਤੀ ਅਤੇ ਕਾਫ਼ੀ ਧਨ ਦਿਤਾ । ਅਤੇ ਆਪਣਾ ਮਨੋਰਥ ਦਸਿਆ, "ਮੇਰੇ ਕੋਲੋਂ ਨਾ ਗੁਰਿਆਈ ਪ੍ਰਾਪਤ ਕੀਤੀ ਜਾ ਸਕੀ ਹੈ, ਨਾ ਹੀ ਮੈਂ, ਪਿਉ ਪੁਤਰ ਨੂੰ ਮਾਰ ਸਕਿਆ ਹਾਂ ।" ਸੁਲਹੀ ਕਹਿਣ ਲਗਾ, "ਮੇਰਾ ਜੀਉਣਾ ਧਿਰਕਾਰ, ਜੇ ਮੈਂ ਤੇਰੇ ਵਰਗੇ ਮਿਤਰ ਦੀ ਸਹਾਇਤਾ ਨ ਕਰ ਸਕਿਆ ।" ਇਹ ਗੱਲਾਂ ਕਰਦੇ ਕਰਦੇ ਉਸਨੂੰ ਪ੍ਰਿਥੀ ਚੰਦ ਨੇ ਪਿੰਡ ਵਿਚ ਵਸੋਂ, ਖੇਤੀ ਅਤੇ ਇੱਟਾਂ ਦੇ ਪਚਾਵੇ ਲਗੇ ਦਿਖਾਣ ਲਈ ਪ੍ਰੇਰਿਆ ਕਿ ਘੋੜੇ ਤੇ ਚੜ੍ਹ ਕੇ ਸੈਰ ਕਰ ਕੇ ਪਿੰਡ ਦੀ ਦੇਣ, ਜੋ ਆਪ ਨੇ ਦਿਵਾਈ ਹੈ, ਦੇਖਣਾ ਕਰੋ । ਇਸ ਤਰ੍ਹਾਂ ਸਾਰਾ ਪਿੰਡ ਦਿਖਾਇਆ ਅਤੇ ਜਿਥੇ ਇੱਟਾਂ ਦੇ ਆਵੇ ਪਕ ਰਹੇ ਸਨ ਉਚੇ ਉਚੇ ਢੇਰ ਲਗੇ ਹੋਏ ਸਨ, ਉਥੇ ਪਹੁੰਚੇ ਤਾਂ ਪ੍ਰਿਥੀ ਚੰਦ ਪਿਸ਼ਾਬ ਕਰਨ ਚਲਾ ਗਿਆ । ਸੁਲਹੀ ਦੀ ਮੌਤ ਆ ਗਈ । ਤੇ ਆਫਰਿਆ ਹੋਇਆ ਹੰਕਾਰੀ ਇਕ-ਸਾਹ ਆਵੇ ਉਪਰ ਚੜ੍ਹ ਕੇ ਲਗਾ ਦੇਖਣ । ਹੱਥ ਵਿਚ ਗੰਡਾਸਾ । ਚੜ੍ਹਦਾ ਚੜ੍ਹਦਾ ਇਕ ਪੋਲੀ ਜਗ੍ਹਾ ਤੇ ਪੈਰ ਰਖ ਬੈਠਾ ਤੇ ਵਿਚੇ ਹੀ ਧਸ ਗਿਆ । ਹਥ ਵਿਚੋਂ ਗੰਡਾਸਾ ਉਛਲਦਿਆਂ ਗਿਚੀ ਤੇ ਜਾ ਲਗਾ । ਤੜਫਦਾ ਤੜਫਦਾ ਮਰ ਗਿਆ । ਸਾਥੀ ਬਚਾਅ ਨਾ ਸਕੇ । ਏਧਰ ਸੁਲਬੀ ਖਾਂ, ਜੋ ਸੁਲਹੀ ਖਾਨ ਦਾ ਭਤੀਜਾ ਸੀ, ਉਸ ਨੂੰ ਖਬਰ ਮਿਲੀ ਤਾਂ ਉਹ ਇਹ ਬਦਲਾ ਲੈਣ ਲਈ ਤਿਆਰ ਹੋਇਆ । ਚੰਦੂ ਨੇ ਜਹਾਂਗੀਰ ਨੂੰ ਕਸ਼ਮੀਰ ਵਲ ਸੈਰ ਲਈ ਅਤੇ ਆਪਣੇ ਉਸ ਇਲਾਕੇ ਦੀ ਦੇਖ-ਭਾਲ ਲਈ ਪ੍ਰੇਰਿਆ ਤਾਂ ਜਹਾਂਗੀਰ ਨੇ ਚੰਦੂ ਦੀ ਇਹ ਸਲਾਹ ਮੰਨ ਲਈ ਅਤੇ ਬਹੁਤ ਸਾਰੀ ਸੈਨਾ ਅਤੇ ਬੇਗਮਾਂ ਸਮੇਤ ਜਦੋਂ ਬਿਆਸਾ ਕੋਲ ਪਹੁੰਚੇ ਤਾਂ ਜਹਾਂਗੀਰ ਇਥੇ ਸ਼ਿਕਾਰ ਖੇਡਣ ਗਿਆ ਘੋੜੇ ਤੋਂ ਡਿਗ ਪਿਆ ਅਤੇ ਲਤ ਤੇ ਸਟ ਲਗ ਗਈ । ਵਜ਼ੀਰਾਂ ਨੂੰ ਪੁਛਿਆ ਕਿ ਕਾਰਨ ਲਭੋ ਮੇਰੇ ਤੇ ਇਹ ਸਟ ਦਾ ਸੰਕਟ ਕਿਉਂ ਆਇਆ । ਤਾਂ ਚੰਦੂ ਜੋ ਅਗੇ ਹੀ ਦਾਅ ਵਿਚ ਸੀ, ਆਖਣ ਲਗਾ, ਤੁਹਾਡੀ ਜਨਮ ਕਿਤਾਬ ਅਤੇ ਹੋਰ ਸਾਰਾ ਸਮਾਨ ਇਥੋਂ ਡੇਰੇ ਵਿਚੋਂ ਚੋਰੀ ਹੋ ਗਿਆ ਹੈ । ਗੁਰੂ ਅਰਜਨ ਦੇਵ ਚੋਰਾਂ ਨੂੰ ਕੋਲ ਰਖਦੇ ਹਨ, ਕਿਤਾਬ ਉਥੋਂ ਹੀ ਲਭ ਸਕਦੀ ਹੈ । ਆਪ ਸੁਲਬੀ ਖਾਂ ਨੂੰ ਭੇਜ ਕੇ ਉਸ ਇਲਾਕੇ ਵਿਚੋਂ ਚੋਰਾਂ ਨੂੰ ਅਤੇ ਕਿਤਾਬ ਦੀ ਭਾਲ ਕਰਵਾਓ । ਜਹਾਂਗੀਰ ਨੇ ਸੁਲਬੀ ਖਾਂ ਨੂੰ ਹੁਕਮ ਦਿਤਾ ਕਿ ਕਿਤਾਬ ਅਤੇ ਚੋਰਾਂ ਦੀ ਭਾਲ ਗੁਰੂ ਅਰਜਨ ਦੇਵ ਜੀ ਕੋਲੋਂ ਕਰੋ । ਪਹਿਲੇ ਪਿਆਰ ਨਾਲ ਕਹਿਣਾ, ਜੇ ਨਾ ਮੰਨਣ ਤਾਂ ਕਰੜਾਈ ਵਰਤ ਕੇ ਵੀ ਇਹ ਕੰਮ ਕਰਨਾ ਹੈ । ਸੁਲਬੀ ਖਾਂ ਹਾਲੀ ਫ਼ੌਜ ਸਮੇਤ ਬਾਰ੍ਹਾਂ ਕੋਹ ਹੀ ਗਿਆ ਤਾਂ ਸਯਦ ਖਾਂ ਮਿਲ ਪਿਆ, ਜੋ ਸੁਲਹੀ ਖਾਂ ਦਾ ਨੌਕਰ ਰਿਹਾ ਸੀ । ਇਸ ਨੇ ਆਪਣੀ ਅਤੇ ਸਾਥੀਆਂ ਦੀ ਰਹਿੰਦੀ ਸਾਲ ਦੀ ਤਨਖਾਹ ਮੰਗੀ ਤੇ ਕਿਹਾ "ਸੁਲਹੀ ਮਰ ਗਿਆ ਹੈ, ਤੂੰ ਉਸ ਦਾ ਭਤੀਜਾ ਹੈਂ, ਸਾਰਿਆਂ ਦੀ ਤਨਖ਼ਾਹ ਦੇਹ ।" ਆਪਸ ਵਿਚ ਝਗੜਾ ਵਧ ਗਿਆ । ਸੁਲਬੀ ਖ਼ਾਂ ਨੇ ਸਯਦ ਖਾਂ ਨੂੰ ਗਾਲ੍ਹ ਕਢੀ ਅਤੇ ਸਯਦ ਨੇ ਗੁਸੇ ਵਿਚ ਜਮਧਰ ਪੇਟ ਵਿਚ ਕਢ ਮਾਰੀ ਤੇ ਥਾਇ ਮਾਰ ਦਿਤਾ । ਇਧਰ ਚੰਦੂ ਨੇ ਦਿਲੀਓਂ ਤੁਰਨ ਲਗਿਆਂ ਆਪਣੇ ਇਕ ਹਲਕਾਰੇ ਨੂੰ ਪ੍ਰਿਥੀ ਚੰਦ ਵਲ ਭੇਜਿਆ ਕਿ ਅਸੀਂ ਅਤੇ ਜਹਾਂਗੀਰ ਬਾਦਸ਼ਾਹ ਕਸ਼ਮੀਰ ਜਾਂਦੇ ਹੋਏ ਲਾਹੌਰ ਠਹਿਰਾਂਗੇ, ਤੂੰ ਉਥੇ ਪਹੁੰਚ । ਅਸੀਂ ਮਿਲ ਕੇ ਜਹਾਂਗੀਰ ਨੂੰ ਭੜਕਾ ਕੇ ਆਪਣੇ ਬਦਲੇ ਗੁਰੂ ਅਰਜਨ ਦੇਵ ਕੋਲੋਂ ਲਵਾਂਗੇ । ਇਹ ਪ੍ਰਿਥੀ ਚੰਦ ਆਉਂਦਾ ਆਉਂਦਾ ਰਸਤੇ ਵਿਚ ਆਪਣੇ ਹੇਹਰਿ ਪਿੰਡ, ਜਿਥੇ ਤਾਲ ਲਵਾਇਆ ਸੀ, ਉਤਰਿਆ । ਰਾਤ ਨੂੰ ਸੇਵਕ ਨੇ ਚੌਲ ਦਹੀਂ ਸਾਗ ਆਦਿਕ ਭੋਜਨ ਛਕਾਇਆ । ਲਾਲਚ ਅਧੀਨ ਵਧ ਖਾ ਲਿਆ । ਰਾਤ ਨੂੰ ਹੈਜ਼ਾ ਹੋ ਗਿਆ, ਕੋਈ ਦਵਾ ਦਾਰੂ ਪਿੰਡ ਵਿਚ ਨਾ ਹੋ ਸਕਿਆ । ਉਥੇ ਹੀ ਮਰ ਗਿਆ । ਇਸ ਤਰ੍ਹਾਂ ਇਨ੍ਹਾਂ ਤਿੰਨਾਂ ਦੀ ਮੌਤ ਗੁਰੂ ਅਰਜਨ ਦੇਵ ਜੀ ਕੋਲੋਂ ਬਦਲਾ

(ਬਾਕੀ ਦੇਖੋ ਸਫ਼ਾ ੩੫ ਦੇ ਹੇਠ)



www.AKJ.Org

# ਦਰਦ ਭਰੀ ਝਾਤ

[ਵਲੋਂ—ਗਿ: ਤ੍ਰਿਲੋਚਨ ਸਿੰਘ ਜੀ ਚਮਨ, ਪਿੰਡ ਕਰਿਆਮ, ਨਵਾਂ ਸ਼ਹਿਰ]

ਯਾਦ ਤੇਰੀ ਦਰਦਾਂ ਦੇ ਨਾਰੇ, ਯਾਦ ਤੇਰੀ ਕੁਰਬਾਨੀ।
ਯਾਦ ਤੇਰੀ ਇਕ ਦਰਦ-ਭਰੀ ਹੈ, ਯਾਦ ਤੇਰੀ ਲਾਸਾਨੀ।
ਯਾਦ ਤੇਰੀ ਵਿਚ ਵਹਿੰਦੇ ਹੰਝੂ, ਯਾਦ ਤੇਰੀ ਦਿਲਗੀਰੀ।
ਯਾਦ ਤੇਰੀ ਵਿਚ ਸੀਤਲ ਕਿਰਨਾਂ, ਯਾਦ ਹੈ ਅਸਲ ਫਕੀਰੀ।
ਤੇਰੇ ਦਿਲ ਤੇ ਦੀਨ ਦੁਖੀ ਦੇ, ਚਮਕਣ ਨੂਰੀ ਛਾਲੇ।
ਤੇਰੇ ਬਚਨ ਅਟੱਲ ਅਮੋਲੇ, ਜਾਬਰ ਕੋਈ ਨਾ ਟਾਲੇ।
ਸੁਤੀ ਕਲਾ ਜਗਾਈ ਚੰਦੂ, ਤੇਜ ਖੁਮਾਰੀ ਚੜ੍ਹਿਆ।
ਮੱਦ ਮਾਇਆ ਦੀ ਮਸਤੀ ਦੇ ਵਿਚ, ਦਿਲ ਅੰਦਰੂਨੀ ਸੜਿਆ।
ਵੈਰ ਕਰੇ ਨਿਰਵੈਰਾਂ ਸੇਤੀ, ਕੁਲ ਡੋਬਣ ਦੀਆਂ ਰੀਤਾਂ।
ਨੂਰੀ ਹੋਣ ਤਸੱਵਰ ਜਿਨ੍ਹਾਂ, ਹੋਣ ਉਨ੍ਹਾਂ ਦੀਆਂ ਜੀਤਾਂ।
ਦਰਦ ਭਰੇ ਦਰਿਆ ਦੇ ਅੰਦਰ, ਵਹਿਣ ਗਮਾਂ ਦੇ ਬੇੜੇ।
ਡੁਬਣ ਜੋ ਕਰਨ ਅਨਾਤਮ ਪ੍ਰੀਤਾਂ, ਤੈਰਨ ਜੋ ਪ੍ਰੇਮ-ਲੁਟੇਰੇ।
ਇਹ ਦੁਨੀਆ ਆਤਸ਼ ਦੀ ਸਾਰੀ, ਆਤਸ਼ ਦੇ ਵਿਚ ਰਹਿੰਦੀ।
ਝੁਲਸ ਜਾਏ ਜੋ ਅੰਦਰ ਆਵੇ, ਤੇਜ ਨਦੀ ਇਹ ਵਹਿੰਦੀ।
ਸੀਤਲ ਸਰਦ ਫੁਹਾਰੇ ਸੀਤਲ, ਗੁਰੂ ਅਰਜਨ ਜੀ ਪਿਆਰੇ।
ਦਿਲ ਵਿਚ ਰਖ ਸੁਨੇਹਾ ਅਰਸ਼ੀ, ਸੀਤਲ ਬਚਨ ਉਚਾਰੇ।
ਗਰਮ ਜੇਠ ਵਿਚ ਬੈਠ ਤਵੀ ਤੇ, ਚਮਕਣ ਵਾਂਗ ਸਿਤਾਰੇ।
ਮੀਆਂ ਮੀਰ ਜਿਹੇ ਆਤਮ-ਦਰਸੀ, ਜਿਨ੍ਹਾਂ ਤਾਂਘ ਦੀਦਾਰੇ।
ਸ਼ਮ੍ਹਾ ਕੌਮ ਤੋਂ ਸਦਕੇ ਜਾਂਦੇ, ਪ੍ਰੇਮ-ਪਤੰਗੇ ਸੋਈ।
ਗੁਰ ਗੋਬਿੰਦ ਗੁਰ ਅਰਜਨ ਵਾਂਗਰ, ਸਬਕ ਸਿੱਖਾਂਦੇ ਜੋਈ।
ਜੋ ਅੜਿਆ ਸੋ ਝੜਿਆ ਏਥੇ, ਰਹਿਆ ਨਾ ਜਾਬਰ ਕੋਈ।
'ਚਮਨ' ਹੋਇ ਨਿਰਮਾਣ ਜੋ ਆਵੇ, ਅਸਲੀ ਸਾਬਰ ਸੋਈ।

---

[ਸਫ਼ਾ ੩੪ ਦੀ ਬਾਕੀ]

ਲੈਣ ਦੀ ਚਿਤਾਵਨੀ ਕਰਦਿਆਂ ਹੋ ਗਈ।ਸਤਿਗੁਰਾਂ ਨੇ ਅਕਾਲ ਪੁਰਖ ਦੀ ਟੇਕ ਤੇ ਸ਼ੁਕਰਾਨੇ ਵਿਚ ਬਾਣੀ ਉਚਾਰੀ—

ਸੁਲਹੀ ਤੇ ਨਾਰਾਇਣ ਰਾਖੁ ॥
ਸੁਲਹੀ ਕਾ ਹਾਥੁ ਕਹੀ ਨ ਪਹੁਚੈ, ਸੁਲਹੀ ਹੋਇ ਮੂਆ ਨਾਪਾਕ ॥੧॥ਰਹਾਉ॥
ਕਾਢਿ ਕੁਠਾਰੁ ਖਸਮਿ ਸਿਰ ਕਾਟਿਆ, ਖਿਨ ਮਹਿ ਹੋਇ ਗਇਆ ਹੈ ਖਾਕੁ ॥
ਮੰਦਾ ਚਿਤਵਤ ਚਿਤਵਤ ਪਚਿਆ. ਜਿਨਿ ਰਚਿਆ ਤਿਨਿ ਦੀਨਾ ਧਾਕੁ ॥੧॥
ਪੁਤ੍ਰ ਮੀਤ ਧਨੁ ਕਿਛੂ ਨ ਰਹਿਓਸੁ, ਛੋਡਿ ਗਇਆ ਸਭ ਭਾਈ ਸਾਕੁ ॥
ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ, ਜਿਨਿ ਜਨ ਕਾ ਕੀਨੋ ਪੂਰਨ ਵਾਕੁ ॥੨॥

[ਬਿਲਾਵਲੁ ਮ: ੫–੮੨੫



www.AKJ.Org

# ਪਗਡੰਡੀਆਂ ਤੇ ਨਾ ਭਟਕੋ

## ਮਨਮੁਖ ਦੂਜੇ ਭਾਇ ਲਗਿ ਭੰਭਲਭੂਸੇ ਖਾਇ ਭਵੰਦੇ ॥੨੦॥ (੫)

[ਗਿਆਨੀ ਗੋਪਾਲ ਸਿੰਘ ਜੀ 'ਮਿਤਰ' ਮਾਲਬ, ਗੁੜਗਾਉਂ (ਹਰਿਆਨਾ)]

ਜਦੋਂ ਵੀ ਕਿਸੇ ਕੋਲੋਂ ਇਹ ਖ਼ਬਰ ਸੁਣਦੇ ਹਾਂ ਕਿ ਅਮਕਾ ਸਿੱਖ ਰਾਧਾ ਸੁਆਮੀਆਂ ਦਾ ਚੇਲਾ ਬਣ ਗਿਆ ਹੈ, ਤੇ ਉਸਨੇ ਅੰਡਾ, ਮਾਸ, ਸ਼ਰਾਬ ਸੇਵਨ ਕਰਨਾ ਛੋੜ ਦਿੱਤਾ ਹੈ ਤਾਂ ਹੈਰਾਨੀ ਹੁੰਦੀ ਹੈ ਕਿ ਗੁਰਮਤਿ ਰਾਹ ਤੇ ਤੁਰਨ ਵਾਲੇ ਕੀ ਸਾਰੇ ਹੀ ਮਾਸਾਹਾਰੀ ਹਨ ? ਜਾਂ ਸ਼ਰਾਬ ਪੀਂਦੇ ਹਨ ? ਤੇ ਉਨ੍ਹਾਂ ਗੁਰਮਤਿ ਰਾਹ ਦੇ ਪਾਂਧੀਆਂ ਦੀ ਸੰਗਤ ਛੋੜ ਕੇ ਉਹ ਮਨੁੱਖ ਰਾਧਾ-ਸੁਆਮੀ ਦੀ ਮੰਤ੍ਰ-ਪ੍ਰਾਪਤੀ ਦੁਆਰਾ ਕੀ ਹੁਣ ਦੇਵਤਾ ਬਣ ਗਿਆ ਹੈ ? ਗੁਰਮਤਿ ਰਾਹ ਦਾ ਪਾਂਧੀ ਬਣਿਆ ਰਹਿੰਦਾ ਤਾਂ ਉਸ ਦੇ ਲਈ ਅਭੱਖ ਭਖਣਾ ਜ਼ਰੂਰੀ ਤਾਂ ਨਹੀਂ ਸੀ। ਗੁਰਮਤਿ (ਗੁਰਬਾਣੀ) ਵਿਚੋਂ ਤਾ ਸਪਸ਼ਟ ਪ੍ਰਮਾਣ ਮਿਲਦੇ ਹਨ ਕਿ ਵਿਕਾਰੀ ਆਹਾਰ ਦਾ ਸੇਵਨ ਨਾ ਕਰੋ।

ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥ ਸਿਰੀ ਰਾਗ ਮ: ੧,ਪੰ: ੧੬

ਸਗੋਂ ਵਿਕਾਰੀ ਭੋਜਨ ਖਾਣ ਵਾਲੇ ਨੂੰ ਅੰਨ੍ਹੇ ਗੁਰੂ ਦਾ ਚੇਲਾ ਆਖਿਆ ਹੈ–

ਅਭਖੁ ਭਖਹਿ, ਭਖੁ ਤਜਿ ਛੋਡਹਿ, ਅੰਧੁ ਗੁਰੂ ਜਿਨ ਕੇਰਾ ॥ ਮਲਾਰ ੧੨੮੦

ਐਸੀ ਖੁਰਾਕ ਨੂੰ, ਜੋ ਮਨ ਵਿਚ ਵਿਸ਼ੇ-ਵਿਕਾਰਾਂ ਦੀ ਰੁਚੀ ਪੈਦਾ ਕਰੇ, ''ਖਾਣਾ ਖਾਜ ਅਹਾਜੁ'' ਕਥਨ ਕੀਤਾ ਹੈ।

ਇਹ ਮੰਨਿਆ ਜਾ ਸਕਦਾ ਹੈ ਕਿ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਨਾਮ ਲੇਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੂਰਨ ਸਤਿਗੁਰੂ ਮੰਨਣ ਵਾਲੀ ਸਿੱਖ ਕੌਮ ਵਧੇਰੇ ਮਾਸਾਹਾਰੀ ਬਣ ਗਈ ਹੈ ਤੇ ਖੁਲ੍ਹੇ-ਆਮ ਮੀਟ ਸ਼ਰਾਬ ਦੀ ਵਰਤੋਂ ਕਰਨ ਲਗ ਪਈ ਹੈ। ਇਥੋਂ ਤਕ ਕਿ ਚਾਰ ਬਜਰ ਕੁਰਹਿਤਾਂ ਵਿਚੋਂ ਵੀ ਇਨ੍ਹਾਂ ਚਸਕਾਲੂਆਂ ਨੇ 'ਕੁੱਠਾ' ਦਾ ਅਰਥ ਹੀ ਮਨ-ਘੜਤ (ਮੁਸਲਮਾਨ ਦੇ ਹੱਥ ਦਾ ਬਣਿਆ) ਕਰ ਦਿੱਤਾ ਹੈ, ਜਦ ਕਿ ਕੁੱਠੇ ਦਾ ਅਰਥ ਕੋਹਣਾ ਹੈ, ਭਾਵ (ਕੋਹਿਆ ਹੋਇਆ), ਭਾਵੇਂ ਕਿਸੇ ਸਾਧਨ ਨਾਲ ਵੀ ਮਾਰਿਆ ਗਿਆ ਹੋਵੇ, ਹਿੰਦੂ ਮੁਸਲਮਾਨ ਸਿੱਖ ਕਿਸੇ ਦੇ ਵੀ ਹਥੋਂ ਕਤਲ ਹੋਇਆ ਹੋਵੇ। ਮਹਾਨ ਕੋਸ਼ ਵੇਖੋ ਕੁੱਠਾ, ਜ਼ਿਬਹ ਕੀਤਾ–'ਕੁਹਣਾ'। ਹੋਰ ਦੇਖੋ ਸ੍ਰੀ ਗੁਰੂ ਗ੍ਰੰਥ ਕੋਸ਼ ਖਾਲਸਾ ਟ੍ਰੈਕਟ ਸੋਸਾਇਟੀ ਪੰਨਾ ੩੧੩–੧੪–ਕੁਠਾ ਪੰਜਾਬੀ ਕੋਹਣਾ ਤੋਂ ਬਣਦਾ ਹੈ।–ਕੋਹਿਆ ਹੋਇਆ।

ਮੀਟ ਅੰਡੇ ਦੇ ਨਾਲ ਸ਼ਰਾਬ ਦੀ ਵਰਤੋਂ, ਜੋ ਗੁਰਮਤਿ ਵਿਚ ਅਤਿ ਵਿਵਰਜਤ ਹੈ, ਸਿਖ ਕੌਮ ਨੂੰ ਘੁਣ ਵਾਂਗੂ ਖਾ ਰਹੀ ਹੈ। ਸਿਖਾਂ ਵਿਚ ਇਨ੍ਹਾਂ ਔਗਣਾਂ ਨੂੰ ਵਧੇਰੇ ਪ੍ਰਵਿਰਤ ਹੋਇਆ ਵੇਖ ਕੇ ਹੀ ਰਾਧਾ ਸੁਆਮੀ ਮੱਤ ਵਾਲਿਆਂ ਨੇ ਸ਼ੁਧ ਆਹਾਰ ਵਰਤੋਂ ਕਰਨ ਦਾ ਪ੍ਰਚਾਰ ਕਰ ਕੇ ਆਪਣੇ ਸਿੱਖ ਸ਼ਰਧਾਲੂਆਂ ਦਾ ਵਾਧਾ ਕੀਤਾ ਹੈ ਤੇ ਕਰ ਰਹੇ ਹਨ। ਜੋ ਗੁਰੂ ਡੰਮ ਦਾ ਜਾਲ ਵਿਛਾ ਕੇ ਗੁਰਸਿਖਾਂ ਨੂੰ ਗੁਮਰਾਹ ਕਰ ਰਹੇ ਹਨ।

ਐਸੀ ਸੋਚਣੀ ਵਾਲੇ ਕੇਸਾਧਾਰੀ ਸਿੱਖਾਂ ਨੂੰ ਸੋਚਣਾ ਚਾਹੀਦਾ ਹੈ ਕਿ ਜਦ ਇਨ੍ਹਾਂ ਬਹੁਤੇ ਸੁਆਦਿਸ਼ਟ ਪਦਾਰਥਾਂ, ਵਿਕਾਰ ਪੈਦਾ ਕਰਨ ਵਾਲੇ ਖਾਣਿਆਂ ਦੀ ਵਰਤੋਂ ਨਾ ਕਰਨ ਦੇ ਉਪਦੇਸ਼ ਗੁਰਮਤਿ ਵਿਚੋਂ ਵੀ ਮਿਲਦੇ ਹਨ ਤਾਂ ਗੁਰਮਤਿ-ਗਾਡੀ ਰਾਹ ਨੂੰ ਛੋੜ ਕੇ ਪਗ-ਡੰਡੀਆਂ ਤੇ ਭੰਭਲ-ਭੂਸੇ ਖਾਣ ਦੀ ਕੀ ਲੋੜ ਹੈ ? ਤੁਸੀਂ ਨਿਤਨੇਮੀ, ਦੋ ਵੇਲੇ ਗੁਰਦੁਆਰੇ ਸਤਸੰਗਤ ਵਿਚ ਹਾਜ਼ਰੀ ਭਰਨ ਵਾਲੇ ਬਣੋ, ਗੁਰਬਾਣੀ ਨੂੰ ਵੀਚਾਰ ਨਾਲ ਪੜ੍ਹਨ ਦਾ ਚਾਉ ਮਨ ਵਿਚ ਪੈਦਾ ਕਰੋ, ਇਨ੍ਹਾਂ ਬੁਰਿਆਈਆਂ ਦਾ ਤਿਆਗ ਸੁਤੇ ਸਿਧ ਹੀ ਹੋ ਜਾਵੇਗਾ।

ਇਹ ਕੋਈ ਔਖੀ ਗੱਲ ਨਹੀਂ। ਜਿਨ੍ਹਾਂ ਘ੍ਰਿਣਤ ਵਸਤੂਆਂ ਦਾ ਤਿਆਗ ਤੁਸੀਂ ਹੋਰ ਰਾਹਾਂ ਤੇ ਪੈਰ ਰਖ ਕੇ ਕਰਨਾ ਹੈ, ਉਹ ਗੁਰਮਤਿ ਮਾਰਗ ਦੇ ਪਾਂਧੀ ਬਣੇ ਰਹਿ ਕੇ ਚੰਗੀ ਤਰ੍ਹਾਂ ਕਰ ਸਕਦੇ ਹੋ। ਜਿਸ ਚੀਜ਼ ਦੀ ਵਰਤੋਂ

(ਬਾਕੀ ਦੇਖੋ ਸਫ਼ਾ ੩੭ ਦੇ ਹੇਠ)



www.AKJ.Org

# ਅਨੰਦਪੁਰ ਦਾ ਬਿਰਹਾ

[ਵਲੋਂ—ਗਿਆਨੀ ਗੋਪਾਲ ਸਿੰਘ ਜੀ 'ਮਿੱਤਰ' ਮਾਲਬ (ਗੁੜਗਾਉ)]

ਵਾਲੀ ਪੰਥ ਦੇ ਸੋਹਣੇ ਅਨੰਦਪੁਰ ਨੂੰ ਛੋੜ ਚੱਲਿਆ ਦਰੋ ਦੀਵਾਰ ਰੁੰਨੇ।
ਰੁੰਨਾ ਕੇਸ ਗੜ੍ਹ, ਹੋਲ ਗੜ੍ਹ, ਲੋਹ ਗੜ੍ਹ, ਤੇ ਆਨੰਦ ਗੜ੍ਹ ਚਾਰੋਂ ਜ਼ਾਰੋ ਜ਼ਾਰ ਰੁੰਨੇ।
ਰੁੰਨੇ ਵਣ ਪੰਖੇਰੂ ਜਨੌਰ ਰੁੰਨੇ, ਪਸ਼ੂ ਪੰਛੀ ਸਾਰੇ ਢਾਹੀਂ ਮਾਰ ਰੁੰਨੇ।
ਰੁੰਨੇ ਗਲੀਆਂ ਦੇ ਕੱਖ ਜੁਦਾਈ ਅੰਦਰ, ਮਹਿਲ ਮਾੜੀਆਂ ਸਭ ਘਰ ਬਾਰ ਰੁੰਨੇ।
ਜੇਹੜੇ ਨਗਰ ਵਿਚ ਕੀਤੇ ਅਨੰਤ ਕੌਤਕ, ਓਸ ਨਗਰ ਨੂੰ ਛੱਡ ਰਵਾਨ ਹੋਇਆ।
ਜਿੱਥੇ ਪੜ੍ਹਿਆ ਗੋਬਿੰਦ ਤੇ ਚੋਜ ਕੀਤੇ, ਜਿੱਥੇ ਪੱਲਿਆ ਅਤੇ ਜਵਾਨ ਹੋਇਆ।
ਜਿੱਥੋਂ ਪਿਤਾ ਨੂੰ ਤੋਰਿਆ, ਤਖ਼ਤ ਬੈਠਾ, ਸੋਹਣੇ ਪਾਤਸ਼ਾਹ ਵਿਆਹ ਰਚਾਏ ਜਿੱਥੇ।
ਜਗਤ ਮਾਤ ਸੁੰਦਰੀ, ਜੀਤੋ ਸਾਹਿਬ ਕੌਰਾਂ ਜੀ ਦੇ ਡੋਲੇ ਸਾਹਮਣੇ ਆਏ ਜਿੱਥੇ।
ਜਿੱਥੇ ਸੋਹਣੇ ਅਜੀਤ ਜੁਝਾਰ ਜਨਮੇ, ਫ਼ਤੇ ਜੋਰਾਵਰ ਗੋਦ ਖਿਡਾਏ ਜਿੱਥੇ।
ਅਮਰ ਖ਼ਾਲਸਾ ਸਾਜਨ ਲਈ ਗੁਰੂ ਪੂਰੇ, ਮਿੱਤਰ ਕੌਤਕ ਅਨੰਤ ਰਚਾਏ ਜਿੱਥੇ।
ਓਸ ਥਾਂ ਨੂੰ ਰੋਂਦਿਆਂ ਛੋੜ ਕੇ ਤੇ ਸੰਤ ਸੂਰਮੇ ਨੇ ਵਾਗਾਂ ਮੋੜ ਲਈਆਂ।
ਬੱਤੀ ਵਰ੍ਹੇ ਗੁਜ਼ਾਰੇ ਜਿਸ ਧਰਤ ਉੱਤੇ ਓਸ ਨਾਲ ਅਜ ਸਾਂਝਾਂ ਤ੍ਰੋੜ ਲਈਆਂ।
ਕਹਿੰਦਾ ਡਿੱਠਾ, ਨੀ ਵੱਸ ਅਨੰਦਪੁਰੀਏ ! ਅਸੀਂ ਫੇਰ ਤੇਰੇ ਕੋਲ ਆਵਣਾ ਨਹੀਂ।
ਰਖੀਂ ਯਾਦ ਨਾ ਸਾਨੂੰ ਵਿਸਾਰ ਦੇਵੀਂ, ਅਸੀਂ ਪੈਰ ਮੁੜ ਕੇ ਏਥੇ ਪਾਵਣਾ ਨਹੀਂ।
ਯਾਦ ਕਰ ਕਰ 'ਅਜੀਤ' 'ਜੁਝਾਰ' ਤਾਈਂ, ਵੇਖੀਂ ਕਦੀ ਵੀ ਹੰਝੂ ਵਗਾਵਣਾ ਨਹੀਂ।
ਕਰ ਲੈ ਦਰਸ਼ਨ ਜੋਰਾਵਰ ਤੇ ਫਤੇ ਦੇ ਵੀ, ਜਿਨ੍ਹਾਂ ਤੈਨੂੰ ਮੁੜ ਦਰਸ ਦਿਖਾਵਣਾ ਨਹੀਂ।
ਮਾਤ ਗੁਜਰੀ ਨੂੰ ਸਦਾ ਈ ਯਾਦ ਰਖੀਂ, ਤੇਰੇ ਕਣ ਕਣ ਨੂੰ ਜਿਸ ਨੇ ਪਿਆਰ ਦਿਤੈ।
ਦੁਨੀਆ ਕਦੀ ਨਾ ਕਹੇਗੀ 'ਮਿੱਤਰ' ਏਦਾਂ, ਤੇਰੀ ਯਾਦ ਨੂੰ ਗੋਬਿੰਦ ਵਿਸਾਰ ਦਿਤੈ।

---

[ਸਫ਼ਾ ੩੬ ਦੀ ਬਾਕੀ]

ਕਰਨ ਸੰਬੰਧੀ ਤੁਹਾਡੇ ਮਨ ਵਿਚ ਗਿਲਾਨੀ ਪੈਦਾ ਹੋ ਗਈ ਹੈ, ਉਸਨੂੰ ਕਦੀਮੀ ਰਾਹ ਤੇ ਤੁਰਦਿਆਂ ਹੀ ਛਡ ਦਿਉ, ਪਗਡੰਡੀਆਂ ਤੇ ਪੈਰ ਰਖ ਕੇ ਨਾ ਛੋੜੋ। ਸੰਤੁਲਨ ਖੁਰਾਕ ਦਾ ਸੇਵਨ ਕਰੋ। ਗੁਰਮਤਿ ਅਨੁਸਾਰੀ ਜੀਵਨ ਹੀ ਕਲਿਆਣਕਾਰੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਵਾਕ ਨੂੰ ਸਦਾ ਯਾਦ ਰਖੋ–

ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ ॥
ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤਿ ॥ [ਰਾਮਕਲੀ ਪਾਤਿਸ਼ਾਹੀ ੧੦

---

## ਨਵਾਂ ਪਿੰਡ ਮਿਲਖੀ ਵਾਲਾ (ਗੁਰਦਾਸਪੁਰ) ਵਿਖੇ ਅਖੰਡਪਾਠ ਤੇ ਰੈਣ ਸਬਾਈ ਕੀਰਤਨ

ਭਾਈ ਗੁਪਾਲ ਸਿੰਘ ਜੀ ਬਟਾਲਾ ਤੋਂ ਸੂਚਨਾ ਦਿੰਦੇ ਹਨ ਕਿ ਅਖੰਡ ਕੀਰਤਨੀ ਜਥਾ ਗੁਰਦਾਸਪੁਰ ਵਲੋਂ ਭਾਈ ਸੋਹਣ ਸਿੰਘ ਜੀ ਦੇ ਗ੍ਰਿਹਿ ਵਿਖੇ ੨੬ ਜੂਨ ਸ਼ਨੀਵਾਰ ਨੂੰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਤੋਂ ਉਪਰੰਤ ਦਸ ਵਜੇ ਤਕ ਕੀਰਤਨ ਹੋਣਗੇ। ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਸਮੂਹ ਮਾਈ ਭਾਈ ਹਾਜਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ। ਇਹ ਪਿੰਡ ਭਾਗੋਵਾਲ ਦੇ ਨੇੜੇ ਤਸੀਲ ਬਟਾਲਾ ਵਿਖੇ ਹੈ। ਸ਼ਨੀਵਾਰ ਸ਼ਾਮ ਨੂੰ ਬਟਾਲਾ ਬਸ ਸਟੈਂਡ ਤੋਂ ਅਤੇ ਦੁਸਹਿਰਾ ਗਰਾਊਂਡ ਤੋਂ ਟਰੱਕ ਚਲਣਗੇ। ਅੰਮ੍ਰਿਤਸਰ ਅਜੀਤ ਨਗਰ ਤੋਂ ਇਕ ਟਰੱਕ ੬ ਵਜੇ ਸ਼ਾਮ ਨੂੰ ਚਲੇਗਾ।



www.AKJ.Org

# ਪੂਰਬ ਜਨਮ ਕੇ ਮਿਲੇ ਸੰਜੋਗੀ (੫)

[ਪ੍ਰੋਫੈਸਰ ਠਾਕਰ ਸਿੰਘ ਜੀ, ਸ੍ਰੀ ਅੰਮ੍ਰਿਤਸਰ]

## ਸਿਹਤ ਦੀ ਖ਼ਰਾਬੀ ਤੇ ਦੇਸ਼-ਵਾਪਸੀ–

ਫ਼ਰਾਂਸ ਤੋਂ ਵਾਪਸ ਆਉਂਦਿਆਂ ਕੋਈ ਖ਼ਾਸ ਤਕਲੀਫ਼ ਨਾ ਹੋਈ। ਸਿਰਫ਼ ਇਕ ਵੇਰ ਰੈੱਡ-ਸੀ ਵਿਚ ਜਦੋਂ ਜਹਾਜ਼ ਬਹੁਤ ਡੋਲ ਰਿਹਾ ਸੀ ਤੇ ਗਰਮੀ ਸਖ਼ਤ ਪੈ ਰਹੀ ਸੀ ਤਾਂ ਦਿਲ ਘਬਰਾ ਗਿਆ। ਡਾਕਟਰ ਨੂੰ ਸਦ ਭੇਜਿਆ। ਪਰ ਸਤਿਗੁਰੂ ਜੀ ਦੀ ਐਸੀ ਬਖਸ਼ਸ਼ ਹੋਈ ਕਿ ਸਾਹਮਣੇ ਪਹਾੜ ਦੀ ਟੀਸੀ ਤੇ ਵੇਖਦੇ ਹਨ ਤਾਂ ਸਤਿਗੁਰੂ ਜੀ ਦਰਸ਼ਨ ਦੇ ਰਹੇ ਹਨ ਅਤੇ ਹੱਥ ਦੇ ਇਸ਼ਾਰੇ ਨਾਲ ਹੌਸਲਾ ਦੇ ਰਹੇ ਹਨ। ਇਹ ਇਕ ਸੁਪਨੰਤਰ ਚਮਤਕਾਰ ਸੀ। ਅੱਖ ਉਘੜੀ ਤਾਂ ਸਾਹਮਣੇ ਡਾਕਟਰ ਖੜਾ ਸੀ ਤੇ ਨਬਜ਼ ਦੇਖ ਰਿਹਾ ਸੀ। ਬਾਊ ਜੀ ਕਹਿਣ ਲਗੇ, ਸਾਡੇ ਸਤਿਗੁਰੂ ਜੀ ਸਾਡੀ ਸੰਭਾਲ ਕਰ ਰਹੇ ਹਨ, ਤੁਸੀਂ ਬੇਫ਼ਿਕਰੀ ਨਾਲ ਜਾ ਸਕਦੇ ਹੋ। ਬਸ, ਫਿਰ ਸਿਮਰਨ ਵਿਚ ਜੁਟ ਗਏ। ਰੈਡ-ਸੀ ਲੰਘ ਕੇ ਸਾਰਾ ਸਫ਼ਰ ਜਹਾਜ਼ ਅਤੇ ਗੱਡੀ ਦਾ ਠੀਕ ਹੋਇਆ। ਲਖਨਊ ਪਹੁੰਚ ਕੇ ਮਿਲਟਰੀ ਹਸਪਤਾਲ ਤੋਂ ਦਵਾਈ ਲੈ, ਛੁਟੀ ਤੇ ਘਰ ਨਾਗੋਕੀ ਸਰਲੀ (ਲਾਇਲਪੁਰ) ਪੁਜ ਗਏ।

ਇਥੇ ਇਹ ਗੱਲ ਦਸਣੀ ਜ਼ਰੂਰੀ ਹੈ ਕਿ ਲਖਨਊ ਜਦੋਂ ਡਾਕਟਰ ਨੇ ਆਪ ਦਾ ਚੰਗੀ ਤਰ੍ਹਾਂ ਸਰੀਰਕ ਮੁਆਇਨਾ ਕੀਤਾ ਤਾਂ ਉਨ੍ਹਾਂ ਨੇ ਆਪ ਜੀ ਵਾਸਤੇ ਇਕ ਹਵਾਲਦਾਰ ਦੀ ਡਿਊਟੀ ਲਾਈ ਕਿ ਇਨ੍ਹਾਂ ਨੂੰ ਲੰਮੇ ਲੰਮੇ ਸਾਹ ਲੈਣ ਦੇ ਨਾਲ ਨਾਲ ਉਪਰ ਨੂੰ ਟਪਾਇਆ ਕਰੇ। ਬਾਊ ਜੀ ਨੇ ਡਾਕਟਰ ਨੂੰ ਪੁਛਿਆ ਕਿ ਇਹ ਕਾਹਦੇ ਲਈ ਹੈ? ਡਾਕਟਰ ਨੇ ਕਿਹਾ ਕਿ ਇਸ ਨਾਲ Breathing exercise (ਸਵਾਸ-ਕਿਰਿਆ ਦੀ ਵਰਜ਼ਿਸ਼) ਹੁੰਦੀ ਹੈ, ਜਿਹੜੀ ਕਿ ਫੇਫੜਿਆਂ ਦੀ ਇਸ ਬੀਮਾਰੀ ਲਈ ਬਹੁਤ ਜ਼ਰੂਰੀ ਹੈ। ਤਾਂ ਬਾਊ ਜੀ ਕਹਿਣ ਲਗੇ ਕਿ ਮੈਂ ਪਤਾ, ਕੀ ਕਰਨਾ ਹੁੰਦਾ ਹਾਂ ਅਤੇ ਨਾਲ ਨਾਲ ਜ਼ੋਰ ਜ਼ੋਰ ਸਾਸ-ਗਿਰਾਸੀ ਅਭਿਆਸ ਕਰ ਕੇ ਦਸਿਆ। ਡਾਕਟਰ ਬੜਾ ਖੁਸ਼ ਹੋਇਆ ਤੇ ਹੈਰਾਨੀ ਨਾਲ ਕਹਿਣ ਲਗਾ, "ਹੈਂ! ਕੀ ਸਚੀ ਮੁਚੀ ਤੁਸੀਂ ਏਦਾਂ ਕਰਦੇ ਹੁੰਦੇ ਹੋ!! ਤਾਂ ਫਿਰ ਤੁਹਾਡੀ ਬੀਮਾਰੀ ਦਾ ਇਲਾਜ ਵੀ ਇਹੋ ਹੀ ਇਕੋ ਇਕ ਹੈ।"

ਫ਼ਰਾਂਸ ਤੋਂ ਚਲ ਕੇ ਭਾਰਤ ਤੇ ਪਿੰਡ ਪੁਜਣ ਤਕ ਹਮੇਸ਼ਾ ਇਨ੍ਹਾਂ ਨਾਲ ਇਕ ਤਿਆਰ-ਬਰ-ਤਿਆਰ ਫ਼ੌਜੀ ਸਿੰਘ ਇਨ੍ਹਾਂ ਦੇ ਨਾਲ ਸੇਵਾ ਤੇ ਰਿਹਾ ਅਤੇ ਅਖੀਰ ਵਾਲਾ ਸਿਪਾਹੀ ਪੂਰਨ ਸਿੰਘ ਸੀ, ਜੋ ਆਪਣੇ ਮੋਢਿਆਂ ਤੇ ਚੁਕ ਕੇ ਇਨ੍ਹਾਂ ਨੂੰ ਆਪਣੇ ਘਰ ਛਡ ਕੇ ਗਿਆ।

ਅਪਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥ (੪੦੩)

ਟੀ. ਬੀ. ਦੀ ਬੀਮਾਰੀ ਹੋਣ ਕਰਕੇ ਤੁਰਨ ਫਿਰਨ ਦੀ ਡਾਕਟਰਾਂ ਵਲੋਂ ਆਗਿਆ ਹੀ ਨਹੀਂ ਸੀ। ਬਾਊ ਜੀ ਦਾ ਸਰੀਰ ਇੰਨਾ ਕਮਜ਼ੋਰ ਹੋ ਚੁਕਾ ਸੀ ਕਿ ਬੜੀ ਸੰਭਾਲ ਨਾਲ ਫੜ ਕੇ ਬਿਠਾਉਣਾ ਪੈਂਦਾ ਸੀ ਅਤੇ ਪਿਛੇ ਸਰਹਾਣੇ ਦਾ ਸਹਾਰਾ ਦੇਣਾ ਪੈਂਦਾ ਸੀ।

ਬਾਊ ਜੀ ਦਾ ਨਾਮ-ਬਾਣੀ ਦੀ ਪਾਰਸ-ਕਲਾ ਤੇ ਅਲੌਕਿਕ ਸ਼ਕਤੀ ਬਾਰੇ ਦ੍ਰਿੜ੍ਹ ਵਿਸ਼ਵਾਸ ਸੀ ਅਤੇ ਇਸ ਵੇਲੇ ਤਕ ਉਹ ਆਪਣੀ ਜੀਵਨੀ ਵਿਚ ਅਨੇਕਾਂ ਚਮਤਕਾਰ ਵੇਖ ਚੁਕੇ ਸਨ। ਪਿੰਡ ਪੁਜਣ ਤੇ ਆਪਣੇ ਵਡੇ ਭਾਈ ਸਾਹਿਬ ਵਰਿਆਮ ਸਿੰਘ ਜੀ ਨੂੰ ਕਹਿ ਦਿਤਾ ਕਿ ਮੈਂ ਕੋਈ ਡਾਕਟਰੀ ਦਵਾਈ ਨਹੀਂ ਲਵਾਂਗਾ। ਮੇਰਾ ਇਲਾਜ ਨਾਮ-ਸਿਮਰਨ ਤੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਹੀ ਹੈ, ਜੋ ਮੈਨੂੰ ਹਰ ਵਕਤ ਸੁਣਾਈ ਜਾਵੇ। ਬਾਹਰ ਧੁੱਪ ਵਿਚ ਮੇਰਾ ਮੰਜਾ ਕਰ ਦਿਉ ਅਤੇ ਦੁੱਧ ਛਕਣ ਨੂੰ ਖੁਲ੍ਹਾ ਡੁਲ੍ਹਾ ਮਿਲ ਜਾਇਆ ਕਰੇ। ਇਹ ਅਮਲ ਉਸੇ ਦਿਨ ਤੋਂ ਸ਼ੁਰੂ ਹੋ ਗਿਆ।

ਤਿੰਨ ਸਾਲ ਦੀ ਮਜਬੂਰਨ ਗ਼ੈਰ-ਹਾਜ਼ਰੀ ਪਿਛੋਂ ਆਪਣੇ ਪਿਆਰੇ ਪਰਵਾਰ, ਜੋ ਸੇਵਾ ਕਰਨ ਲਈ



www.AKJ.Org

ਹਮੇਸ਼ਾ ਤਤਪਰ ਸੀ, ਦੇ ਨਿਘੇ ਵਾਤਾਵਰਨ ਵਿਚ ਇਸ ਅਗੰਮੀ ਦਵਾਈ "ਅਉਖਧੁ ਤੇਰੋ ਨਾਮੁ ਦਇਆਲ"* ਨਾਲ ਸ੍ਰੀ ਬਾਊ ਜੀ ਦਾ ਸਰੀਰ ਦਿਨਾਂ ਵਿਚ ਹੀ ਰਾਜ਼ੀ ਹੋਣਾ ਸ਼ੁਰੂ ਹੋ ਗਿਆ। ਹੌਲੀ ਹੌਲੀ ਬੁਖ਼ਾਰ ਘਟਣ ਲਗ ਪਿਆ। "ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ"‡ ਦੀ ਅਉਖਧੀ ਅਤੇ ਸੁਖਮਨੀ ਸਾਹਿਬ ਦੇ ਪਾਠ ਦੀ ਪਾਰਸ-ਕਲਾ ਨਾਲ ਸਤਿਗੁਰੂ ਦੀ ਅਪਾਰ ਕਿਰਪਾ ਸਦਕਾ ਪਹਿਲੇ ਮਹੀਨੇ ਹੀ ਬੁਖ਼ਾਰ ਟੁੱਟ ਗਿਆ। ਸਭ ਪਰਵਾਰ ਨੇ ਖੁਸ਼ੀਆਂ ਮਨਾਈਆਂ, ਕਿਉਂਕਿ ਇਹ ਸਰੀਰ ਦੇ ਸੁਸਥ ਹੋਣ ਦੀ ਪੱਕੀ ਨਿਸ਼ਾਨੀ ਸੀ। ਦੂਜੇ ਮਹੀਨੇ ਦੇ ਅਖੀਰ ਤਕ ਮੰਜੇ ਤੋਂ ਉਠ ਕੇ ਹੌਲੇ ਹੌਲੇ ਕਦਮ ਪੁੱਟਣ ਲਗ ਪਏ ਤੇ ਤੀਜੇ ਮਹੀਨੇ ਦੇ ਅਖ਼ੀਰ ਤਕ ਘਰੋਂ ਬਾਹਰ ਤੁਰਨ ਫਿਰਨ ਲਗ ਪਏ। ਸਹਿਜੇ ਸਹਿਜੇ ਇਹ ਖ਼ਤਰਨਾਕ ਬੀਮਾਰੀ ਖਹਿੜਾ ਛੱਡ ਗਈ। ਸਰੀਰ ਨਰੋਆ ਹੋ ਗਿਆ। ਉਧਰੋਂ ਛੁੱਟੀ ਖ਼ਤਮ ਹੋ ਗਈ ਤੇ ਸਾਰੇ ਪਰਵਾਰ ਨੇ ਪਿੰਡ ਦੇ ਗੁਰਦਵਾਰੇ ਜਾ ਕੇ ਸ੍ਰੀ ਬਾਊ ਜੀ ਦੇ ਨਾਲ ਸ਼ੁਕਰਾਨੇ ਦੀ ਅਰਦਾਸ ਕੀਤੀ, ਖੁਸ਼ੀਆਂ ਮਨਾਈਆਂ ਤੇ ਪਿਆਰ ਭਰੀਆਂ ਸਧਰਾਂ ਨਾਲ ਅੰਬਾਲੇ ਛਾਉਣੀ ਜਾਣ ਲਈ ਵਿਦਾ ਕੀਤਾ।

## ਮੁੜ ਅੰਬਾਲੇ ਡਿਊਟੀ ਤੇ–

ਅੰਬਾਲੇ ਪੁੱਜਦੇ ਸਾਰ ਡੀਪੋ ਵਿਚ ਹਾਜ਼ਰੀ ਦੀ ਰੀਪੋਰਟ ਕਰ ਦਿਤੀ, ਕਿਉਂਕਿ ਇਨ੍ਹਾਂ ਦੀ ਆਪਣੀ ਯੂਨਿਟ–੩੬ ਨੰਬਰ ਰਸਾਲਾ ਅਜੇ ਫ਼ਰਾਂਸ ਤੋਂ ਵਾਪਸ ਨਹੀਂ ਪੁੱਜਾ ਸੀ। ਡਾਕਟਰਾਂ ਦੇ ਬੋਰਡ ਵਲੋਂ ਆਪ ਜੀ ਦਾ ਸਰੀਰਕ-ਮੁਆਇਨਾ ਹੋਇਆ। ਉਨ੍ਹਾਂ ਨੇ 'Fit for duty' (ਡਿਊਟੀ ਲਈ ਫ਼ਿਟ ਹੈ) ਦਾ ਹੁਕਮ ਲਿਖ ਦਿਤਾ, ਤੇ ਨਾਲ ਇਹ ਵੀ ਲਿਖਿਆ ਕਿ ਖੱਬੇ ਫੇਫੜੇ ਵਿਚ ਅਜੇ ਬੀਮਾਰੀ ਦੀ ਨੀਸ਼ਾਨੀ ਹੈ, ਪਰ ਕਿਸੇ ਰੱਬੀ ਇਲਾਜ ਨਾਲ ਉਸ ਉਪਰ ਐਸੀ ਝਿੱਲੀ ਕੁਦਰਤ ਨੇ ਬਣਾ ਦਿਤੀ ਹੈ ਕਿ ਹੇਠਾਂ ਦਬੀ ਗਈ ਹੈ, ਤੇ ਅਗੇ ਵਧ ਨਹੀਂ ਸਕਦੀ। ਬਾਕੀ ਦਾ ਫੇਫੜਾ ਠੀਕ ਕੰਮ ਕਰ ਰਿਹਾ ਹੈ।

ਆਪਣੀ ਡਿਊਟੀ ਦਾ ਚਾਰਜ ਲੈ ਕੇ ਕੰਮ ਸ਼ੁਰੂ ਕਰ ਦਿਤਾ। ਹੁਣ ਆਪ ਜੀ ਦਾ ਰਸਾਲਾ ਫ਼ਰਾਂਸ ਤੋਂ ਵਾਪਸ ਇਥੇ ਪੁਜ ਗਿਆ ਸੀ। ਜਦ ਆਪ ਜੀ ਆਪਣੇ ਰਸਾਲੇ ਦੇ ਕਰਨਲ ਸਾਹਿਬ ਨੂੰ ਮਿਲੇ ਤਾਂ ਉਹ ਦੇਖ ਕੇ ਬੜਾ ਪ੍ਰਸੰਨ ਹੋਇਆ ਤੇ ਨਾਲ ਹੀ ਹੁਕਮ ਦਿਤਾ ਕਿ ਰਸਾਲੇ ਦੇ ਡਿਪੋ ਦਾ ਹਿਸਾਬ-ਕਿਤਾਬ ਬਿਲਕੁਲ ਨਾ-ਤਸੱਲੀ-ਬਖ਼ਸ਼ ਹੈ। ਇਸ ਨੂੰ ਚੰਗੀ ਤਰ੍ਹਾਂ ਚੈਕ ਕਰ ਕੇ ਠੀਕ ਕਰੋ, ਤਾਂ ਜੁ ਆਡਿਟ ਕਰਵਾਇਆ ਜਾ ਸਕੇ। ਸ੍ਰੀ ਬਾਊ ਜੀ ਨੇ ਤਕਰੀਬਨ ਦੋ ਮਹੀਨੇ ਵਿਚ ਸਾਰਾ ਹਿਸਾਬ ਠੀਕ ਕਰ ਕੇ ਜਦ ਕਰਨਲ ਸਾਹਿਬ ਦੇ ਪੇਸ਼ ਕੀਤਾ ਤਾਂ ਉਹ ਬਹੁਤ ਖੁਸ਼ ਹੋਇਆ ਅਤੇ ਪ੍ਰਸੰਨ ਹੋ ਕੇ ਪੰਜ ਸੌ ਰੁਪਏ ਇਨਾਮ ਦਿਤਾ। ਨਾਲ ਹੀ ਉਪਰ ਇਹ ਸਿਫਾਰਸ਼ ਕਰ ਦਿਤੀ ਕਿ ਰਸਾਲੇ ਦਾ ਅਕਾਊਂਟੈਂਟ, ਜੋ ਬੜਾ ਲਾਇਕ ਤੇ ਈਮਾਨਦਾਰ ਹੈ, ਵਾਪਸ ਡਿਊਟੀ ਤੇ ਆ ਗਿਆ ਹੈ, ਉਸ ਨੇ ਪਿਛਲੇ ਤਿੰਨ ਸਾਲਾਂ ਦਾ ਗੰਧਲਾ ਹੋਇਆ ਪਿਆ ਹਿਸਾਬ ਬਿਲਕੁਲ ਸਾਫ ਤੇ ਠੀਕ ਕਰ ਦਿਤਾ ਹੈ। ਮੈਂ ਉਸ ਨੂੰ ਪੰਜ ਸੌ ਰੁਪਏ ਇਨਾਮ ਦਿਤਾ ਹੈ ਤੇ ਆਪ ਅਗੇ ਸਿਫਾਰਸ਼ ਕਰਦਾ ਹਾਂ ਕਿ ਜਦੋਂ ਵਕਤ ਆਵੇ, ਇਸ ਨੂੰ ਤਰੱਕੀ ਦਿਤੀ ਜਾਵੇ। ਇਹ ਖ਼ਬਰ ਦਫਤਰ ਦੇ ਹੋਰ ਕਲਰਕਾਂ ਤਕ ਵੀ ਪੁਜ ਗਈ।

## ਇਕ ਦੋਖੀ ਦੀ ਕਰਤੂਤ ਅਤੇ ਪੈਨਸ਼ਨ–

ਉਨ੍ਹਾਂ ਕਲਰਕਾਂ ਵਿਚ ਇਨ੍ਹਾਂ ਦਾ ਇਕ ਦੋਖੀ, ਜੋ ਇਨ੍ਹਾਂ ਤੋਂ Junior (ਦੂਜੇ ਦਰਜੇ ਤੇ) ਸੀ ਅਤੇ ਬੜਾ ਚਲਾਕ ਤੇ ਜ਼ਾਤ ਦਾ ਸੁਨਿਆਰਾ ਸੀ, ਉਸ ਨੇ ਬੜੀ ਖੁਣਸ ਖਾਧੀ। ਉਹ ਦਿਲ ਹੀ ਦਿਲ ਵਿਚ ਬਾਊ ਜੀ ਦੇ ਬਰਖਿਲਾਫ਼ ਲਗਾ ਗੋਂਦਾਂ ਗੁੰਦਣ। ਉਸ ਨੂੰ ਹੋਰ ਤਾਂ ਕੁਝ ਨਾ ਲੱਭਾ, ਪਰ ਚੂੰਕਿ ਸ੍ਰੀ ਬਾਊ ਜੀ ਨਿਰੋਲ ਗੁਰਸਿਖੀ ਵਿਚਾਰਧਾਰਾ ਦੇ ਸਨ, ਇਸ ਲਈ ਉਸ ਨੇ ੩੫ ਨੰਬਰ ਰਸਾਲੇ ਦੇ ਹੈਡ ਕਲਰਕ ਦੇ ਰਾਹੀਂ

*ਧਨਾਸਰੀ ਮਹਲਾ ੫, ਪੰਨਾ ੬੭੫। ‡ਮ: ੪, ਪੰਨਾ ੩੦੫-੩੦੬।



www.AKJ.Org

ਪੰਜਾਬ ਸੀ.ਆਈ.ਡੀ. ਪਾਸ ਚੁਗ਼ਲੀ ਕੀਤੀ ਕਿ ਬਾਊ ਮੱਲ ਸਿੰਘ ਕਟੜ ਅਕਾਲੀ ਹੈ। ਨਤੀਜੇ ਵਜੋਂ ਪੰਜਾਬ ਸਰਕਾਰ ਵਲੋਂ ਲਿਖਿਆ ਪੱਤਰ ਕਰਨਲ ਨੂੰ ਪੁੱਜ ਗਿਆ ਕਿ ਤੁਹਾਡੇ ਰਸਾਲੇ ਵਿਚ ਇਕ ਦਫ਼ੇਦਾਰ ਮੱਲ ਸਿੰਘ ਹੈ, ਜੋ ਕਟੜ ਅਕਾਲੀ ਹੈ ਤੇ ਵੱਡੀ ਜੰਗ ਤੋਂ ਪਹਿਲਾਂ ਇਸ ਦਾ ਸਰਕਾਰ ਦੇ ਇਕ ਖ਼ਤਰਨਾਕ ਬਾਗ਼ੀ (ਭਾਈ) ਰਣਧੀਰ ਸਿੰਘ ਨਾਰੰਗਵਾਲ (ਲੁਧਿਆਣਾ) ਨਾਲ ਮੇਲ-ਜੋਲ ਤੇ ਮਿਤਰਾਨਾ ਸੀ। ਇਸ ਨੂੰ ਭੀ ਉਸ ਦੇ ਨਾਲ ਹੀ ਕੈਦ ਹੋਣੀ ਸੀ, ਪਰ ਚੂੰਕਿ ਇਹ ਜੰਗ ਛਿੜਨ ਕਰਕੇ ਫ਼ਰਾਂਸ ਚਲਾ ਗਿਆ ਸੀ, ਇਸ ਦਾ ਮੁਕਦਮਾ ਸਰਕਾਰ ਨੇ ਬੰਦ ਕਰ ਦਿਤਾ ਸੀ। ਹੁਣ ਇਹ ਵਾਪਸ ਆ ਗਿਆ ਹੈ। ਇਸ ਨੂੰ ਨੌਕਰੀ ਤੋਂ ਬਰ-ਤਰਫ਼ ਕਰ ਦਿਤਾ ਜਾਵੇ, ਨਹੀਂ ਤਾਂ ਇਸ ਪੁਰ ਮੁਕੱਦਮਾ ਚਲੇਗਾ।

ਸਰਕਾਰ ਦੀ ਇਹ ਚਿਠੀ ਪੜ੍ਹ ਕੇ ਕਰਨਲ ਨੇ ਬੜਾ ਅਫ਼ਸੋਸ ਕੀਤਾ ਕਿ ਜਿਸ ਨੂੰ ਮੈਂ ਇਨਾਮ ਦਿਤਾ ਅਤੇ ਤਰੱਕੀ ਲਈ ਸਿਫਾਰਸ਼ ਕੀਤੀ ਹੈ, ਉਸ ਬਾਰੇ ਸਰਕਾਰ ਵਲੋਂ ਇਨ੍ਹਾਂ ਕਰੜੇ ਦੂਸ਼ਨਾਂ ਦੀ ਰੀਪੋਰਟ ਪੁਜੀ ਹੈ। ਸੋ ਮੈਂ ਮਜਬੂਰ ਤੇ ਬੇਵਸ ਹੋ ਗਿਆ ਹਾਂ। ਉਸ ਨੇ ਆਪਣੇ ਦਫਤਰ ਵਿਚ ਵਿਚਾਰ ਕੀਤੀ ਕਿ (ਬਾਊ) ਮੱਲ ਸਿੰਘ ਦੀ ਨੌਕਰੀ ਵੀ ਤਕਰੀਬਨ ਪੂਰੀ ਹੋ ਚੁਕੀ ਹੈ ਇਸ ਲਈ ਉਸ ਨੂੰ ਇਕ ਮੁਰੱਬਾ ਜ਼ਮੀਨ ਇਨਾਮ ਦੇ ਤੌਰ ਤੇ ਅਤੇ ਪੂਰੀ ਪੈਨਸ਼ਨ ਦੇ ਕੇ ਬਾ-ਇੱਜ਼ਤ ਰੀਟਾਇਰ ਕੀਤਾ ਜਾਵੇ। ਜਦੋਂ ਇਹ ਖ਼ਬਰ ਰਸਾਲੇ ਵਿਚ ਪੁਜੀ ਤਾਂ ਰਸਾਲੇ ਦੇ ਦੋ ਮੁਸਲਮਾਨ ਰਸਾਲਦਾਰ, ਜੋ ਪਠਾਣ ਸਨ, ਕਰਨਲ ਦੇ ਪੇਸ਼ ਹੋਏ ਤੇ ਕਹਿਣ ਲਗੇ, "ਬਾਊ ਮੱਲ ਸਿੰਘ ਬਾਰੇ ਜੋ ਰੀਪੋਰਟ ਆਪ ਪਾਸ ਪੁਜੀ ਹੈ, ਉਹ ਸਰਾਸਰ ਝੂਠੀ ਹੈ। ਅਸੀਂ ਦੋਵੇਂ ਕੁਰਾਨ ਦੀ ਕਸਮ ਖਾ ਕੇ ਕਹਿੰਦੇ ਹਾਂ ਕਿ ਬਾਊ ਮੱਲ ਸਿੰਘ ਪੁਲੀਟੀਕਲ ਆਦਮੀ ਨਹੀਂ ਹੈ, ਉਹ ਧਰਮੀ ਤੇ ਖ਼ੁਦਾ-ਪ੍ਰਸਤ ਆਦਮੀ ਹੈ, ਖ਼ੁਦਾ ਦੀ ਬੰਦਗੀ ਕਰਨ ਵਾਲਾ ਫਕੀਰ ਹੈ। ਸਾਰਾ ਰਸਾਲਾ, ਕੀ ਸਿਖ ਤੇ ਕੀ ਮੁਸਲਮਾਨ, ਉਸ ਦੀ ਬਹੁਤ ਇੱਜ਼ਤ ਕਰਦੇ ਹਨ। ਤੁਸੀਂ ਇਹ ਕੀ ਕਰਨ ਲਗੇ ਹੋ ? ਸਾਡੇ ਰਸਾਲੇ ਵਿਚ ਇਕੋ ਇਕ ਚੰਗਾ ਬੰਦਾ ਹੈ, ਤੁਸੀਂ ਉਸ ਨੂੰ ਕਢਣ ਲਗੇ ਹੋ ?" ਤਾਂ ਕਰਨਲ ਸਾਹਿਬ ਨੇ ਬੜੇ ਠਰ੍ਹੰਮੇ ਨਾਲ ਜਵਾਬ ਦਿਤਾ ਕਿ ਮੇਰਾ ਵੀ ਬਾਊ ਮੱਲ ਸਿੰਘ ਬਾਬਤ ਬਹੁਤ ਹੱਛਾ ਖ਼ਿਆਲ ਹੈ, ਪਰ ਮੈਂ ਕੀ ਕਰਾਂ, ਉਪਰੋਂ ਆਏ ਇਸ ਹੁਕਮ ਨੂੰ ਮੋੜਨਾ ਵੀ ਮੁਸ਼ਕਲ ਹੈ। ਮੈਂ ਸੋਚ ਕੇ ਫ਼ੈਸਲਾ ਕੀਤਾ ਹੈ। ਚੰਗੇ ਕੰਮ ਦੇ ਬਦਲੇ ਇਸ ਨੂੰ ਇਕ ਮੁਰੱਬਾ ਜ਼ਮੀਨ ਇਨਾਮ ਦੇ ਰਿਹਾ ਹਾਂ ਅਤੇ ਪੂਰੀ ਪੈਨਸ਼ਨ ਦੇ ਕੇ ਸਾਰੇ ਰਸਾਲੇ ਵਲੋਂ ਪੂਰੇ ਸਤਿਕਾਰ ਤੇ ਪਿਆਰ ਨਾਲ ਤੋਰਾਂਗਾ।

ਜੰਗ ਤੋਂ ਵਾਪਸ ਆ ਕੇ ਦੋ ਸਾਲ ਚੰਗੀ ਨੌਕਰੀ ਕਰ ਕੇ ਜਦੋਂ ਤਰੱਕੀ ਦਾ ਵਕਤ ਆਇਆ ਤਾਂ ਦਾਤਾ ਜੀ ਦੇ ਹੁਕਮ ਵਿਚ, ਦੋਖੀਆਂ ਵਲੋਂ ਚੁਗ਼ਲੀ ਹੋ ਜਾਣ ਕਰ ਕੇ, ੧੯੨੦ ਵਿਚ ਪੈਨਸ਼ਨ ਤੇ ਘਰ ਆ ਗਏ। ਸਾਰੇ ਪਰਵਾਰ ਨੇ ਬੜੀ ਖ਼ੁਸ਼ੀ ਮਨਾਈ ਕਿ ਮੁਰੱਬਾ ਜ਼ਮੀਨ ਦਾ ਮਿਲ ਗਿਆ ਹੈ। ਘਰ ਆ ਕੇ ਕੁਝ ਸਮੇਂ ਪਿਛੋਂ ਇਹ ਮੁਰੱਬਾ ਆਪ ਜੀ ਨੂੰ ਜ਼ਿਲਾ ਮਿੰਟਗੁਮਰੀ ਵਿਚ ਉਕਾੜੇ ਲਾਗੇ ਚਕ ਨੰਬਰ ੪੨/੨-ਐਲ ਵਿਚ ਅਲਾਟ ਹੋ ਗਿਆ ਸੀ।

**ਅਨੰਦ ਕਾਰਜ ਦੇ ਗੁਰਮਤਿ ਨਿਯਮ–**

ਘਰ ਪੈਨਸ਼ਨ ਆ ਕੇ ਸ੍ਰੀ ਬਾਊ ਜੀ ਨੇ ਆਪਣੀ ਵੱਡੀ ਬੀਬੀ ਸੰਤ ਕੌਰ ਦੇ ਅਨੰਦ ਕਾਰਜ ਕਰਨ ਦੀ ਵੀਚਾਰ ਕੀਤੀ। ਇਸੇ ਮੰਤਵ ਲਈ ਆਪ ਜੀ ਨੇ ਸ੍ਰੀ ਅੰਮ੍ਰਿਤਸਰ ਜੀ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਇਸ਼ਨਾਨ ਕਰ ਕੇ ਬੀਬੀ ਦੇ ਸਹੁਰਾ ਸਾਹਿਬ ਭਾਈ ਰਣਧੀਰ ਸਿੰਘ ਪਿੰਡ ਖੱਖ ਨੂੰ ਬੁਲਾ ਭੇਜਿਆ। ਉਨ੍ਹਾਂ ਨਾਲ ਵੀਚਾਰ-ਵਟਾਂਦਰੇ ਪਿਛੋਂ ਅਨੰਦ ਕਾਰਜ ਦੀਆਂ ਤਰੀਕਾਂ ਨਿਯਤ ਕਰ ਲਈਆਂ ਅਤੇ ਨਾਲ ਹੀ ਇਸ ਅਨੰਦ ਕਾਰਜ ਸੰਬੰਧੀ ਗੁਰਮਤਿ ਨਿਯਮ, ਜੋ ਬਾਊ ਜੀ ਨੇ ਪਹਿਲੇ ਤਿਆਰ ਕੀਤੇ ਹੋਏ ਸਨ, ਪੜ੍ਹ ਕੇ ਸੁਣਾ ਦਿਤੇ ਕਿ ਇਨ੍ਹਾਂ ਤੇ ਅਮਲ ਕਰਨਾ ਹੈ। ਕੁੜਮ ਵਲੋਂ ਖ਼ੁਸ਼ੀ ਖ਼ੁਸ਼ੀ ਪੂਰੀ ਸਹਿਮਤੀ ਲੈ ਕੇ, ਗੱਡੀ ਚੜ੍ਹ ਕੇ, ਲਾਇਲਪੁਰ ਨਾਗੋਕੀ ਸਰੱਲੀ ਘਰ ਪੁਜ ਗਏ।



www.AKJ.Org

ਅਨੰਦ ਕਾਰਜ ਦੇ ਨਿਯਮ ਹੇਠ ਲਿਖੇ ਅਨੁਸਾਰ ਹਨ–

(੧) ਬਰਾਤ ਦੀ ਗਿਣਤੀ ਘਟ ਤੋਂ ਘਟ ਪੰਚ ਪਰਵਾਨੀ ਹੋਵੇ ਤਾਂ ਸਭ ਤੋਂ ਚੰਗਾ।

(੨) ਸਾਰੇ ਜਾਂਞੀ, ਜਿਥੋਂ ਤਕ ਹੋ ਸਕੇ, ਅੰਮ੍ਰਿਤਧਾਰੀ ਗੁਰਸਿਖ ਹੋਣ।

(੩) ਵਾਜੇ ਗਾਜੇ, ਘੋੜੀ ਵਰੀ ਆਦਿ ਕਿਸੇ ਵਿਖਾਵੇ ਦੀ ਲੋੜ ਨਹੀਂ।

(੪) ਆਤਸ਼ਬਾਜ਼ੀ ਅਤੇ ਸੋਟ* ਦੀ ਲੋੜ ਨਹੀਂ।

(੫) ਲਾੜੇ ਨੂੰ ਸੇਹਰੇ ਬੰਨ੍ਹਣ ਦੀ ਲੋੜ ਨਹੀਂ।

(੬) ਜੰਞ ਦਾ ਸੁਆਗਤ ਸ਼ਬਦ-ਕੀਰਤਨ ਨਾਲ ਕੀਤਾ ਜਾਏ। ਇਸ ਕੀਰਤਨ ਵਿਚ ਜਾਂਞੀ ਭੀ ਸ਼ਾਮਲ ਹੋਣ।

(੭) ਅਰਦਾਸ ਪਿਛੋਂ ਦੋਹਾਂ ਧਿਰਾਂ ਦਾ ਮਿਲਾਪ ਹੋਵੇ।

(੮) ਅਨੰਦ ਕਾਰਜ ਦਾ ਪਰਬੰਧ ਘਰ ਵਿਖੇ ਜਾਂ ਗੁਰਦਵਾਰੇ ਸਾਹਿਬ ਹੋਵੇ।

(੯) ਅੰਮ੍ਰਿਤ ਵੇਲੇ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਹੋਵੇ। ਕੀਰਤਨ ਵਿਚ ਲੜਕਾ ਤੇ ਲੜਕੀ ਵੀ ਸ਼ਾਮਲ ਹੋਣ ਤੇ ਅਨੰਦ ਕਾਰਜ ਸਮੇਂ ਸੰਗਤ ਵਿਚੋਂ ਉਠ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਹਮਣੇ ਹਜ਼ੂਰੀ ਵਿਚ ਸਜ ਜਾਣ।

(੧੦) ਬੀਬੀ ਅਨੰਦ ਕਾਰਜ ਸਮੇਂ ਖੁਲ੍ਹੇ ਮੂੰਹ (ਬਿਨਾਂ ਘੁੰਡ ਕਢੇ) ਬੈਠੇ।

(੧੧) ਅਨੰਦ ਕਾਰਜ ਦੀ ਅਰੰਭਤਾ ਦੀ ਅਰਦਾਸ ਕਰ ਕੇ ਭੁਜੰਗੀ ਤੇ ਭੁਜੰਗਣ ਨੂੰ ਗੁਰਮਤਿ ਗ੍ਰਿਹਸਤੀ ਜੀਵਨ ਦੇ ਗੁਰਬਾਣੀ ਅਨੁਸਾਰ ਅਸੂਲ ਸਮਝਾਏ ਜਾਣ। ਦੋਵੇਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਮੱਥਾ ਟੇਕ ਕੇ ਪਰਵਾਨਗੀ ਦੇਣ ਤੇ ਲਾਵਾਂ ਦਾ ਪਾਠ ਹੋਵੇ। ਹਰੇਕ ਲਾਂਵ ਨਾਲ ਜੋੜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਰਕਰਮਾ ਕਰੇ।

(੧੨) ਲਾਵਾਂ ਮਗਰੋਂ ਅਨੰਦ ਸਾਹਿਬ (੬ ਪਉੜੀਆਂ) ਦੇ ਪਾਠ ਕੀਰਤਨ ਪਿਛੋਂ ਜੋੜੀ ਨੂੰ ਗੁਰਮਤਿ ਸੁਖੀ ਗ੍ਰਿਹਸਤੀ ਜੀਵਨ ਦੀ ਅਸੀਸ ਦੇਣ ਲਈ ਫਿਰ ਅਰਦਾਸ ਸਮੂਹ ਸੰਗਤ ਵਲੋਂ ਕੀਤੀ ਜਾਵੇ ਤੇ ਦੀਵਾਨ ਦੀ ਸਮਾਪਤੀ ਕੀਤੀ ਜਾਵੇ।

(੧੩) ਦਾਜ ਦੇਣ ਲੈਣ ਤੇ ਖਟ ਦਿਖਾਲਣ ਦੀ ਰਸਮ ਨਹੀਂ ਕਰਨੀ, ਕੇਵਲ ਸਧਾਰਨ ਵਰਤੋਂ ਵਾਲੇ ਲੁੜੀਂਦੇ ਕਪੜੇ ਹੀ ਇਕ ਦੋ ਜੋੜੇ ਦਿਤੇ ਜਾਣ।

ਗੁਰਮਤਿ ਵਿਵਾਹ–

ਬੀਬੀ ਸੰਤ ਕੌਰ ਦੇ ਅਨੰਦ ਕਾਰਜ ਦੀ ਲੁੜੀਂਦੀ ਤਿਆਰੀ ਸ਼ੁਰੂ ਹੋ ਗਈ। ਪਿਆਰਾਨਿ-ਪਿਆਰ ਕਰਨਲ ਪਿਆਰਾ ਸਿੰਘ ਜੀ, ਜੋ ਸ੍ਰੀ ਬਾਊ ਜੀ ਦੇ ਗੂੜ੍ਹੇ ਮਿੱਤਰ ਸਨ, ਭੀ ਪੁਜ ਗਏ। ਦਾਸ (ਲੇਖਕ) ਭੀ ਖ਼ਾਲਸਾ ਕਾਲਜ ਤੋਂ ਛੁੱਟੀ ਲੈ ਕੇ ਆ ਗਿਆ। ਨਿਯਤ ਤਰੀਕ ਤੇ ਬਰਾਤ ਪਿੰਡ ਵਿਚ ਪੁਜ ਗਈ, ਜਿਸ ਵਿਚ ਭੁਜੰਗੀ ਭਗਤ ਸਿੰਘ, ਉਨ੍ਹਾਂ ਦੇ ਪਿਤਾ ਭਾਈ ਰਣਧੀਰ ਸਿੰਘ, ਭੁਜੰਗੀ ਦੇ ਮਾਤਾ ਜੀ, ਉਨ੍ਹਾਂ ਦੇ ਵਡੇ ਭਾਈ ਦੀ ਬੱਚੀ, ਕੇਵਲ ਚਾਰ ਹੀ ਆਏ। ਬਰਾਤ ਦਾ ਗੁਰਦੁਆਰੇ ਦੇ ਪਾਸ ਕੀਰਤਨ ਕਰਦਿਆਂ ਸੁਆਗਤ ਕੀਤਾ ਗਿਆ। ਮਿਲਣੀ ਦੀ ਅਰਦਾਸ ਪਿਛੋਂ ਸਾਰੇ ਘਰ ਪੁਜ ਗਏ। ਬਰਾਤ ਦਾ ਬਿਸਰਾਮ ਘਰ–ਬੈਠਕ–ਵਿਚ ਹੀ ਕੀਤਾ ਗਿਆ। ਅਗਲੇ ਦਿਨ ਅੰਮ੍ਰਿਤ ਵੇਲੇ ਦੀਵਾਨ ਸਜ ਗਿਆ। ਆਸਾ ਦੀ ਵਾਰ ਦਾ ਕੀਰਤਨ ਹੋਇਆ, ਜਿਸ ਵਿਚ ਬਰਾਤੀਆਂ ਨੇ ਪੂਰਾ ਹਿਸਾ ਲਿਆ। ਵਾਰ ਦੇ ਭੋਗ ਤੋਂ ਉਪਰੰਤ ਭੁਜੰਗੀ ਤੇ ਬੀਬੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਨਿਯਤ ਥਾਂ ਤੇ ਬੈਠ ਗਏ। ਜਦੋਂ ਸ੍ਰੀ ਬਾਊ ਜੀ ਅਨੰਦ ਕਾਰਜ ਦੇ ਅਰੰਭ ਦੀ ਅਰਦਾਸ ਕਰਨ ਲਈ ਉਠੇ ਤਾਂ ਪਹਿਲਾਂ ਬੀਬੀ ਪਾਸ ਪੁਜ ਕੇ, ਉਸ ਦੇ ਮੂੰਹ ਉਪਰ ਲਿਆ ਕਪੜਾ ਹੋਰ ਚੁਕ ਦਿੱਤਾ ਤੇ ਕਹਿਣ ਲਗੇ ਕਿ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਮੂੰਹ ਤੇ ਕੋਈ ਕਪੜਾ ਨਹੀਂ ਕਰਨਾ। ਫਿਰ

*ਜੰਞ ਦੇ ਢੁਕੱਾਂ ਵੇਲੇ ਲਾੜੇ ਦੇ ਉਪਰ ਦੀ ਤੇ ਵਿਆਹ ਦੇ ਪਿਛੋਂ ਡੋਲੇ ਉਪਰ ਦੀ ਮੁੱਠੀ ਭਰ ਭਰ ਪੈਸੇ ਸੁਟਣੇ।



www.AKJ.Org

ਅਰਦਾਸ ਕਰ ਕੇ ਜੋੜੀ ਨੂੰ ਗੁਰਮਤਿ ਸਿਖਿਆ ਉਨ੍ਹਾਂ ਨੇ ਆਪ ਦਿਤੀ ਅਤੇ ਮੱਥਾ ਟਿਕਵਾ ਕੇ ਮਨਜ਼ੂਰੀ ਲਈ। ਫਿਰ ਲਾਵਾਂ ਅਰੰਭ ਹੋਈਆਂ। ਫੇਰੇ ਹੋਏ ਅਤੇ ਅਨੰਦ ਸਾਹਿਬ ਦੇ ਪਾਠ ਪਿਛੋਂ ਦੀਵਾਨ ਵਿਚ ਹਾਜ਼ਰ ਸਾਰੀ ਸੰਗਤ ਵਲੋਂ ਅਰਦਾਸ ਹੋਈ ਅਤੇ ਦੀਵਾਨ ਦੀ ਸਮਾਪਤੀ ਹੋਈ।

ਇਸ ਗੁਰਮਤੀ ਅਨੰਦ ਕਾਰਜ ਦੇ ਦੀਵਾਨ ਦੀ ਖਾਸ ਵਰਨਣ ਯੋਗ ਗੱਲ ਇਹ ਹੈ ਕਿ ਇਸ ਕਾਰਜ ਨੂੰ, ਜੋ ਆਮ ਲੁਕਾਈ ਲਈ ਇਕ ਨਵੀਂ ਰੀਤ ਸੀ, ਵੇਖਣ ਵਾਸਤੇ ਇਲਾਕੇ ਦੇ ਪਤਵੰਤੇ ਸਜਣ ਤੇ ਗੁਰਮੁਖ ਪਿਆਰੇ ਬੜੇ ਹੁਮ-ਹੁਮਾ ਕੇ ਪੁਜੇ ਹੋਏ ਸਨ। ਨਾਲ ਦੇ ਪਿੰਡ ਚਕ ਨੰਬਰ ੮੧ ਝੰਗ ਬਰਾਂਚ ਦੇ ਖਾਲਸਾ ਹਾਈ ਸਕੂਲ ਦੇ ਹੈਡਮਾਸਟਰ, ਆਪਣੇ ਸਾਥੀ ਮਾਸਟਰਾਂ ਅਤੇ ਲਗ ਪਗ ਪੰਜਾਹ ਸਠ ਸਿਆਣੇ ਵਿਦਿਆਰਥੀਆਂ ਨੂੰ ਨਾਲ ਲੈ ਕੇ ਆਏ, ਇਹ ਦਿਖਾਉਣ ਲਈ ਕਿ ਗੁਰਮਤਿ ਅਨੰਦ ਕਾਰਜ ਇਸ ਤਰ੍ਹਾਂ ਕੀਤਾ ਜਾਂਦਾ ਹੈ। ਇਸ ਤਰ੍ਹਾਂ ਦੀਵਾਨ ਵਿਚ ਭਾਰੀ ਇਕੱਠ ਹੋ ਗਿਆ ਅਤੇ ਖ਼ੂਬ ਰੌਣਕਾਂ ਲਗ ਗਈਆਂ। ਉਲੀਕੇ ਪ੍ਰੋਗਰਾਮ ਅਨੁਸਾਰ ਗੁਰਮਤਿ ਦੇ ਸਾਰੇ ਨਿਯਮ ਪੂਰੇ ਕਰਦੇ ਹੋਏ ਅਨੰਦ ਕਾਰਜ ਸਮਾਗਮ ਬੜੀਆਂ ਖੁਸ਼ੀਆਂ ਵਿਚ ਸਮਾਪਤ ਹੋਇਆ ਤੇ ਸ਼ਾਮ ਨੂੰ ਬਰਾਤ ਨੂੰ ਬੀਬੀ ਸਮੇਤ ਵਿਦਾ ਕੀਤਾ। ਇਹ ਅਨੰਦ ਕਾਰਜ ਪਿੰਡ ਨਾਗੋਕੀ ਸਰਲੀ ਚੱਕ ਨੰਬਰ ੭੧-ਝੰਗ ਬਰਾਂਚ ਜ਼ਿਲਾ ਲਾਇਲਪੁਰ ਵਿਚ ੧੯੨੦ ਵਿਚ ਹੋਇਆ, ਜਿਸ ਦੀ ਗੁਰਮਤਿ ਨਜ਼ੀਰ ਦੀਆਂ ਸਾਰੇ ਇਲਾਕੇ ਵਿਚ ਧੁੰਮਾਂ ਪੈ ਗਈਆਂ।

ਉਪਰੋਕਤ ਨਿਯਮਾਂ ਅਨੁਸਾਰ ਹੀ ਬੀਬੀ ਸੰਤ ਕੌਰ ਤੇ ਪਿਛੋਂ ਬੀਬੀ ਨਰਿੰਦਰ ਕੌਰ ਦੇ ਅਨੰਦ ਕਾਰਜ ਹੋਏ। ਫਿਰ ਜਦੋਂ ੧੯੩੮ ਵਿਚ ਛੋਟੀ ਬੀਬੀ ਗਿਆਨ ਕੌਰ ਦੇ ਅਨੰਦ ਕਾਰਜ ਦਾ ਵੇਲਾ ਆਇਆ ਤਾਂ ਸ੍ਰੀਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਭੀ, ਜੋ ੧੯੩੦ ਵਿਚ ਜੇਲ੍ਹ-ਯਾਤਰਾ ਤੋਂ ਰਿਹਾ ਹੋ ਕੇ ਘਰ ਆ ਗਏ ਹੋਏ ਸਨ, ਇਸ ਅਨੰਦ ਕਾਰਜ ਵਿਚ ਸ਼ਾਮਲ ਹੋਏ। ਭਾਈ ਸਾਹਿਬ ਅਨੰਦ ਕਾਰਜ ਦੇ ਇਹ ਨਿਯਮ ਵੇਖੋਂ ਕੇ ਬੜੇ ਪ੍ਰਸੰਨ ਹੋਏ ਅਤੇ ਅਗੋਂ ਅਨੰਦ ਕਾਰਜਾਂ ਲਈ ਇਹ ਨਿਯਮ ਪੱਕੇ ਤੌਰ ਤੇ ਪਰਵਾਨ ਕਰ ਲਏ ਗਏ।

---


## ਅਖੰਡ ਕੀਰਤਨੀ ਜਥਾ (ਚਲਦਾ ਵਹੀਰ) ਸ੍ਰੀ ਅੰਮ੍ਰਿਤਸਰ ਵਲੋਂ ਪ੍ਰੋਗਰਾਮ

19 ਜੂਨ ਸ਼ਨੀਵਾਰ ਰਾਤ ਨੂੰ ਸ਼ਹੀਦਾਂ ਦੀ ਯਾਦ ਵਿਚ ਰੈਣ ਸਬਾਈ ਕੀਰਤਨ ਗੁਰਦਵਾਰਾ ਸ੍ਰੀ ਰਾਮਸਰ ਵਿਖੇ

26 ਜੂਨ ਸ਼ਨੀਵਾਰ ਰਾਤ 8 ਤੋਂ 11 ਕੀਰਤਨ ਪਿੰਡ ਕੋਟਲਾ ਗੁਜਰਾਂ (ਮਜੀਠੇ ਦੇ ਨੇੜੇ)

## ਭਾਈ ਸਾਹਿਬ ਦਾ 104ਵਾਂ ਜਨਮ ਦਿਨ-ਸਮਾਗਮ ਨਾਰੰਗਵਾਲ ਵਿਖੇ

**ਜੁਲਾਈ 8 ਤੋਂ 11 ਸਵੇਰ ਤਕ, ਪ੍ਰੋਗਰਾਮ ਆਉਂਦੇ ਪਰਚੇ ਵਿਚ**

## ਜਥੇ ਵਲੋਂ ਉਧਮਪੁਰ ਵਿਖੇ ਪਹਿਲਾ ਅਖੰਡ ਕੀਰਤਨ ਸਮਾਗਮ

**ਜੁਲਾਈ 22 ਤੋਂ 25 ਸਵੇਰ ਤਕ–ਪ੍ਰੋਗਰਾਮ ਆਉਂਦੇ ਪਰਚੇ ਵਿਚ**

## ਗੁ: ਰਾਮਪੁਰ ਖੇੜਾ ਵਿਖੇ ਨਾਮ ਅਭਿਆਸ ਕਮਾਈ ਸਮਾਗਮ

ਪਿਛਲੇ ਸਾਲਾਂ ਵਾਂਗ ੪ ਤੋਂ ੧੧ ਜੁਲਾਈ ੧੯੮੨ ਤਕ ਪ੍ਰੋਗਰਾਮ ਹੋ ਰਹੇ ਹਨ। ਸਵੇਰੇ ੨ ਵਜੇ ਇਸ਼ਨਾਨ ਤੇ ਨਿਤਨੇਮ, ਉਪਰੰਤ ਗੁਰੂ ਮਹਾਰਾਜ ਦੇ ਪ੍ਰਕਾਸ਼, ਨਾਮ ਅਭਿਆਸ, ਕੀਰਤਨ, ਕਥਾ, ਸੁਖਮਨੀ ਦੇ ਸੰਗਤੀ ਪਾਠ. ਅਲਪ ਅਹਾਰ ਤੇ ਅਲਪ ਅਰਾਮ ਕਰ ਕੇ ਸੋਦਰ ਆਰਤੀ ਤੇ ਸੁਖਾਸਨ ਉਪਰੰਤ ਸਾਢੇ ਨੌਂ ਤਕ ਰੋਜ਼ਾਨਾ ਪ੍ਰੋਗਰਾਮ। ਸੰਗਤਾਂ ਲਾਹੇ ਪ੍ਰਾਪਤ ਕਰਨ

ਨੋਟ—੧. ਇਕਾਂਤ ਭੰਗ ਕਰਨ ਵਾਲੇ ਬੱਚੇ ਨਾ ਲਿਆਓ ਜੀ। ੨. ਅੰਮ੍ਰਿਤ-ਸੰਚਾਰ ੧੦ ਜੁਲਾਈ ਨੂੰ।
੩. ਲੋੜ ਅਨੁਸਾਰ ਬਿਸਤਰੇ ਲਿਆਓ ਜੀ। ੪. ਇਹ ਅਸਥਾਨ ਹੁਸ਼ਿਆਰਪੁਰ-ਦਸੂਹਾ ਰੋਡ ਤੇ ਹੈ।

ਦਾਸਨ ਦਾਸ–ਹਰਨਾਮ ਸਿੰਘ (ਬਾਬਾ), ਗੁਰਦਵਾਰਾ ਰਾਮਪੁਰ ਖੇੜਾ, ਡਾ: ਗੜ੍ਹਦੀਵਾਲਾ (ਹੁਸ਼ਿਆਰਪੁਰ)

## ਪਿੰਡ ਗਾਦੜੀਆਂ (ਗੁਰਦਾਸਪੁਰ) ਵਿਖੇ ਰੈਣ ਸਬਾਈ ਕੀਰਤਨ

ਮਾਸਟਰ ਜੋਗਿੰਦਰ ਸਿੰਘ ਜੀ ਦੇ ਗ੍ਰਿਹ ਵਿਖੇ ੫ ਜੂਨ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਬਟਾਲਾ ਦੁਸਹਿਰਾ ਗਰਾਊਂਡ ਤੋਂ ਸ਼ਾਮ ਸਤ ਵਜੇ ਟਰਾਲੀ ਚਲੇਗੀ। ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ।


www.AKJ.Org

## ਫ਼ਰੀਦਕੋਟ ਵਿਖੇ ਰੈਣ ਸਬਾਈ ਕੀਰਤਨ

ਦਾਸ ਹਰਬੰਸ ਸਿੰਘ ਦੇ ਮਕਾਨ ਨੰਬਰ ਟੀ-37-ਏ, ਤਲਾਅ ਮਹੱਲਾ, ਨੇੜੇ ਗੁ: ਸਿੰਘ ਸਭਾ ਵਿਖੇ 5 ਜੂਨ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਇ ਦੀਦਾਰ ਬਖ਼ਸ਼ੋ ਜੀ।

## ਜਲੰਧਰ ਛਾਉਣੀ ਵਿਖੇ ਰੈਣ ਸਬਾਈ ਕੀਰਤਨ

ਭਾਈ ਕੀਰਤ ਸਿੰਘ, ਮਕਾਨ ਨੰਬਰ 33, ਮਹੱਲਾ ਨੰਬਰ 21, ਸਬਜ਼ੀ ਮੰਡੀ ਜਲੰਧਰ ਛਾਉਣੀ ਵਿਖੇ 19 ਜੂਨ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਇ ਜੁੜੋ ਜੀ।

ਪੁਛ ਗਿਛ :—ਮਾ: ਗੁਰਬਚਨ ਸਿੰਘ ਜੀ ਦਿਆਲਪੁਰ

ਦਾਸਰੇ ਅਖੰਡ ਕੀਰਤਨੀ ਜਥਾ ਜਲੰਧਰ

## ਮੋਹਨਪੁਰ (ਲੁਧਿਆਣਾ) ਵਿਖੇ ਮਾਸਕ ਰੈਣ ਸਬਾਈ ਕੀਰਤਨ

ਭਾਈ ਬਲਦੇਵ ਸਿੰਘ ਸੂਬੇਦਾਰ ਸੂਚਨਾ ਦਿੰਦੇ ਹਨ ਕਿ ਉਨ੍ਹਾਂ ਦੇ ਗ੍ਰਿਹ ਵਿਖੇ 19 ਜੂਨ ਸ਼ਨੀਵਾਰ ਦੀ ਰਾਤ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਇ ਦੀਦਾਰ ਬਖ਼ਸ਼ੋ ਜੀ। ਪਿੰਡ ਮੋਹਨਪੁਰ ਖੰਨੇ ਤੋਂ 6 ਕਿਲੋਮੀਟਰ ਤੇ ਬਸ ਅੱਡਾ ਦੇਹੜੂ ਦੇ ਨਾਲ ਹੈ।

ਪੁਛ ਗਿਛ :—ਮਾ: ਸਤਵੰਤ ਸਿੰਘ, ਰਾਮਪੁਰ (ਲੁਧਿਆਣਾ)

## ਪਿੰਡ ਲਿੱਤਰਾਂ ਚਾਹਲਾਂ (ਟਾਂਡਾ ਉੜਮੁੜ) ਵਿਖੇ ਰੈਣ ਸਬਾਈ ਕੀਰਤਨ

ਭਾਈ ਮਹਿੰਦਰ ਸਿੰਘ ਓਹੜਪੁਰ ਸੂਚਨਾ ਦਿੰਦੇ ਹਨ ਕਿ ਪਿੰਡ ਲਿੱਤਰਾਂ ਦੇ ਗੁਰਦਵਾਰਾ ਸਾਹਿਬ ਵਿਖੇ 12 ਜੂਨ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਇ ਜੁੜੋ ਤੇ ਲਾਹੇ ਪ੍ਰਾਪਤ ਕਰੋ। ਪਿੰਡ ਲਿੱਤਰਾਂ ਟਾਂਡਾ ਤੋਂ ਹੁਸ਼ਿਆਰਪੁਰ ਸੜਕ ਤੇ ਹੈ ਅਤੇ ਬੱਸ ਅੱਡਾ ਕਲੋਏ ਲਗਦਾ ਹੈ।

ਦਾਸਰੇ ਅਖੰਡ ਕੀਰਤਨੀ ਜਥਾ, ਟਾਂਡਾ

## ਪਿੰਡ ਚਕ ਦਾਨਾ (ਜਲੰਧਰ) ਵਿਖੇ ਅਖੰਡ ਕੀਰਤਨ

ਭਾ: ਹਰਮਹਿੰਦਰ ਸਿੰਘ ਗੋਬਿੰਦਪੁਰੀ ਬੰਗਾ ਸੂਚਨਾ ਦਿੰਦੇ ਹਨ ਕਿ ਪਿੰਡ ਚਕ ਦਾਨਾ ਦੇ ਗੁਰਦਵਾਰਾ ਸਾਹਿਬ ਵਿਖੇ 16 ਜੂਨ ਬੁਧਵਾਰ ਰਾਤ 8 ਵਜੇ ਤੋਂ 1 ਵਜੇ ਤਕ ਅਖੰਡ ਕੀਰਤਨ ਹੋ ਰਹੇ ਹਨ। ਆਇ ਜੁੜੋ ਜੀ। ਇਹ ਪਿੰਡ ਫਿਲੌਰ-ਨਵਾਂ ਸ਼ਹਿਰ ਸੜਕ ਉਤੇ ਹੈ।

## ਅੰਬਾਲਾ ਸ਼ਹਿਰ ਵਿਖੇ ਦਿਵਸ ਸੁਹੇਲਾ ਅਖੰਡ ਕੀਰਤਨ

ਬੀਬੀ ਦਵਿੰਦਰ ਕੌਰ ਖਾਲਸਾ ਸਪੁਤਰੀ ਭਾਈ ਅਵਤਾਰ ਸਿੰਘ ਸੂਚਨਾ ਦਿੰਦੇ ਹਨ ਕਿ ਉਨ੍ਹਾਂ ਦੇ ਗ੍ਰਿਹ 283-ਪਰੇਮ ਨਗਰ ਅੰਬਾਲਾ ਸ਼ਹਿਰ ਵਿਖੇ 27 ਜੂਨ ਐਤਵਾਰ ਨੂੰ ਦਿਵਸ ਸੁਹੇਲਾ ਕੀਰਤਨ ਹੋ ਰਹੇ ਹਨ। ਆਇ ਦੀਦਾਰ ਬਖ਼ਸ਼ੋ ਤੇ ਲਾਹੇ ਪ੍ਰਾਪਤ ਕਰੋ।

## ਗੁ: ਕਿਲ੍ਹਾ ਲੋਹਗੜ੍ਹ ਸਾਹਿਬ ਅੰਮ੍ਰਿਤਸਰ ਵਿਖੇ ਅਖੰਡ ਕੀਰਤਨ

ਗੁਰਦਵਾਰਾ ਸਾਹਿਬ ਵਿਖੇ ਅਖੰਡ ਕੀਰਤਨੀ ਜਥੇ ਵਲੋਂ 20 ਜੂਨ ਐਤਵਾਰ ਸ਼ਾਮ ਨੂੰ 5-30 ਤੋਂ 8 ਵਜੇ ਤਕ ਸੋਦਰ ਦੀ ਚੌਕੀ ਦੇ ਕੀਰਤਨ ਹੋਣਗੇ। ਪੁਜ ਕੇ ਲਾਹੇ ਪ੍ਰਾਪਤ ਕਰੋ ਜੀ।

## ਗੁਰਦਵਾਰਾ ਗੁਰੂ ਕੇ ਮਹਿਲ ਅੰਮ੍ਰਿਤਸਰ ਵਿਖੇ ਅਖੰਡ ਕੀਰਤਨ

ਗੁਰਦਵਾਰਾ ਸਾਹਿਬ ਵਿਖੇ ਅਖੰਡ ਕੀਰਤਨੀ ਜਥੇ ਵਲੋਂ 27 ਜੂਨ ਐਤਵਾਰ ਸ਼ਾਮ ਨੂੰ 5-30 ਤੋਂ 8 ਵਜੇ ਤਕ ਸੋਦਰ ਦੀ ਚੌਕੀ ਹੋਵੇਗੀ। ਪੁਜ ਕੇ ਲਾਹੇ ਪ੍ਰਾਪਤ ਕਰੋ ਜੀ।

## ਅੰਬੇ ਮਾਜਰਾ (ਮੰਡੀ ਗੋਬਿੰਦਗੜ੍ਹ) ਵਿਖੇ ਰੈਣ ਸਬਾਈ ਕੀਰਤਨ

ਅਖੰਡ ਕੀਰਤਨੀ ਜਥਾ ਪਟਿਆਲਾ ਵਲੋਂ ਭਾ: ਪ੍ਰੀਤਮ ਸਿੰਘ ਬੀ: ਰਣਜੀਤ ਕੌਰ ਦੇ ਗ੍ਰਿਹ ਵਿਖੇ 5 ਜੂਨ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਪੁਜ ਕੇ ਲਾਹੇ ਪ੍ਰਾਪਤ ਕਰੋ ਜੀ। 'ਅੰਬੇ ਮਾਜਰਾ' ਮੰਡੀ ਗੋਬਿੰਦਗੜ੍ਹ ਤੋਂ 2 ਮੀਲ ਤੇ ਸਰਹਿੰਦ ਤੋਂ 4 ਮੀਲ ਜੀ. ਟੀ. ਰੋਡ ਦੇ ਨਾਲ ਹੈ।

www.AKJ.Org

## ਕੁਮਾਰਹੱਟੀ (ਸ਼ਿਮਲਾ) ਵਿਖੇ ਸਾਲਾਨਾ ਕੀਰਤਨ ਪ੍ਰੋਗਰਾਮ

ਭਾਈ ਸਾਹਿਬ ਆਤਮਾ ਸਿੰਘ ਜੀ ਪੰਜੋਖਰਾ ਸਾਹਿਬ ਤੋਂ ਸੂਚਿਤ ਕਰਦੇ ਹਨ ਕਿ ਸ੍ਰੀਮਾਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਗਰਮੀਆਂ ਦੇ ਨਿਵਾਸ-ਅਸਥਾਨ ਕੁਮਾਰਹੱਟੀ ਦੇ ਗੁਰਦੁਆਰਾ ਤਪੋ-ਬਨ ਵਿਖੇ ਸ੍ਰੀ ਅਖੰਡਪਾਠ ਤੇ ਅਖੰਡ ਕੀਰਤਨ ਹੇਠ ਲਿਖੇ ਅਨੁਸਾਰ ਹੋ ਰਹੇ ਹਨ :—

4 ਜੂਨ ਸ਼ੁਕਰਵਾਰ ਅੰਮ੍ਰਿਤ ਵੇਲੇ ਨਾਮ ਅਭਿਆਸ, ਨਿਤਨੇਮ ਤੇ ਕੀਰਤਨ ਆਸਾ ਦੀ ਵਾਰ ਉਪਰੰਤ ਸ੍ਰੀ ਅਖੰਡਪਾਠ ਅਰੰਭ
ਸ਼ਾਮ ਸੋਦਰ ਤੇ ਅਖੰਡ ਕੀਰਤਨ

5 ਜੂਨ ਸ਼ਨੀਵਾਰ ਅੰਮ੍ਰਿਤ ਵੇਲੇ ਨਾਮ ਅਭਿਆਸ, ਨਿਤਨੇਮ ਤੇ ਆਸਾ ਦੀ ਵਾਰ ਦੇ ਕੀਰਤਨ
ਸ਼ਾਮ ਸੋਦਰ ਤੇ ਅਖੰਡ ਕੀਰਤਨ

6 ਜੂਨ ਐਤਵਾਰ ਸਵੇਰੇ ਨਿਤਨੇਮ, ਭੋਗ ਸ੍ਰੀ ਅਖੰਡਪਾਠ, ਉਪਰੰਤ ਦੁਪਹਿਰ ਤਕ ਅਖੰਡ ਕੀਰਤਨ

'ਕੁਮਾਰਹੱਟੀ' ਕਾਲਕਾ-ਸ਼ਿਮਲਾ ਲਾਈਨ ਤੇ ਰੇਲਵੇ ਸਟੇਸ਼ਨ ਹੈ ।

## ਅਖੰਡ ਕੀਰਤਨੀ ਜਥਾ ਯੂ. ਕੇ. (ਇੰਗਲੈਂਡ) ਵਲੋਂ ਰੈਣ ਸਬਾਈ ਕੀਰਤਨ

### ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਪ੍ਰਥਾਇ ਅਖੰਡਪਾਠ ਤੇ ਰੈਣ ਸਬਾਈ

ਰੈਣ ਸਬਾਈ ਕੀਰਤਨ 5 ਜੂਨ ਸ਼ਨੀਵਾਰ ਰਾਤ ਨੂੰ 7 ਵਜੇ ਅਰੰਭ ਹੋਣਗੇ ਅਤੇ ਐਤਵਾਰ ਸਵੇਰੇ 6 ਵਜੇ ਭੋਗ ਪੈਣਗੇ

ਅਸਥਾਨ—Sikh Temple (Gurdwara) 49-51 Shaftesbury St. DERBY, Phone 0332-32539

ਪੁਛ ਗਿਛ—ਭਾਈ ਜਗਤਾਰ ਸਿੰਘ Tel. 0332-44641 Derby, ਭਾ: ਅਜੀਤ ਸਿੰਘ Tel. 0332-765986

**(2) ਰੈਣ ਸਬਾਈ ਕੀਰਤਨ**—3 ਜੁਲਾਈ 1982 ਸ਼ਨੀਵਾਰ ਰਾਤ 7 ਵਜੇ ਅਰੰਭ, ਐਤਵਾਰ ਸਵੇਰੇ 6 ਵਜੇ ਭੋਗ

ਅਸਥਾਨ—Sikh Temple New Gurdwara, Prospect St., Near Fire Station, HUDDERSFIELD, Tel. 0484-23773 ਪੁਛ ਗਿਛ—ਭਾ: ਗੁਰਦੇਵ ਸਿੰਘ ਗਿਲ Tel. 0484-24311

**(3) ਸ੍ਰੀ ਅਖੰਡਪਾਠ ਤੇ ਕੀਰਤਨ ਸਮਾਗਮ**—6 ਅਗਸਤ ਅਰੰਭ 8 ਅਗਸਤ ਐਤਵਾਰ ਭੋਗ, ਉਪਰੰਤ ਅੰਮ੍ਰਿਤ ਕੀਰਤਨ ਦੀ ਵਰਖਾ ਹੋਵੇਗੀ ।

ਅਸਥਾਨ—ਭਾ: ਸਾ: ਜੋਗਿੰਦਰ ਸਿੰਘ ਦੇ ਗ੍ਰਿਹ ਵਿਖੇ ਸਤਿਗੁਰ ਦੀਆਂ ਖੁਸ਼ੀਆਂ, 35-Freemen Close, LEAMINGTON-SPA, Tel. 0926-24296 ਹੋਰ ਪੁਛ ਗਿਛ--ਭਾ: ਜਰਨੈਲ ਸਿੰਘ ਜੀ Tel. 0926-30008

## ਅਖੰਡ ਕੀਰਤਨੀ ਜਥਾ ਲੁਧਿਆਣਾ ਵਲੋਂ ਪਿੰਡਾਂ ਵਿਚ ਕੀਰਤਨ ਪ੍ਰੋਗਰਾਮ

ਜ਼ਿਲਾ ਲੁਧਿਆਣਾ ਦੇ ਪਿੰਡਾਂ ਵਿਚ ਸ਼ਹੀਦਾਂ ਦੀ ਯਾਦ ਵਿਚ ਜੂਨ ਜੁਲਾਈ ਦੇ ਕੀਰਤਨ ਪਰੋਗਰਾਮ ਹਰ ਮੰਗਲਵਾਰ ਸ਼ਾਮ ਨੂੰ 7-30 ਤੋਂ 9-30 ਤਕ—15 ਜੂਨ ਘੁਮਾਣ, 22 ਜੂਨ ਜਲ੍ਹਾ, 29 ਜੂਨ ਲਲਤੋਂ ਕਲਾਂ, 6 ਜੁਲਾਈ ਗੋਸਲਾਂ (ਨੇੜੇ ਖੰਨਾ) ।

ਦਾਸਰਾ—ਦਰਸ਼ਨ ਸਿੰਘ (ਡਾਕਟਰ), 614-ਆਰ, ਮਾਡਲ ਟਾਊਨ ਲੁਧਿਆਣਾ ।

## ਸ਼ਹੀਦ ਦੀ ਯਾਦ ਵਿਚ ਸ੍ਰੀ ਅਖੰਡਪਾਠ ਤੇ ਕੀਰਤਨ ਸਮਾਗਮ

ਮਾਤਾ ਨਰੈਣ ਕੌਰ ਜੀ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੇ ਸਪੁਤਰ ਸ਼ਹੀਦ ਗੁਰਚਰਨ ਸਿੰਘ ਦੀ ਸਾਲਾਨਾ ਯਾਦ ਵਿਚ ਹੋ ਰਹੇ ਸਮਾਗਮ ਵਿਚ ਦਰਸ਼ਨ ਬਖਸ਼ੋ ਜੀ—

10 ਜੂਨ ਵੀਰਵਾਰ ਸਵੇਰੇ 4 ਤੋਂ 7 ਕੀਰਤਨ ਆਸਾ ਦੀ ਵਾਰ, ਉਪਰੰਤ ਅਰੰਭ ਸ੍ਰੀ ਅਖੰਡਪਾਠ 16-ਚੀਮਾ ਪਾਰਕ ਵੀਰ ਪ੍ਰਵਾਰ ਵਿਖੇ

12 ਜੂਨ ਸ਼ਨੀਵਾਰ ਸਵੇਰੇ ਭੋਗ ਸ੍ਰੀ ਅਖੰਡਪਾਠ, ਉਪਰੰਤ ਅਖੰਡ ਕੀਰਤਨ 10 ਵਜੇ ਤਕ " " "
ਸ਼ਾਮ 7-30 ਅਰੰਭ ਰੈਣ ਸਬਾਈ ਕੀਰਤਨ, ਭੋਗ ਐਤਵਾਰ ਸਵੇਰੇ 6 ਵਜੇ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਵਿਖੇ

ਦਾਸਰੇ—ਵੀਰ ਪਰਵਾਰ ਤੇ ਅਖੰਡ ਕੀਰਤਨੀ ਜਥਾ ਲੁਧਿਆਣਾ ।

www.AKJ.Org